ੴ ਵਾਹਿਗੁਰੂ ਜੀ ਕੀ ਫ਼ਤਹ

ਮਾਸਿਕ ਪੱਤਰ

# ਸੂਰਾ

ਲੁਧਿਆਣਾ

ਜੁਲਾਈ 2000

SURA Monthly
LUDHIANA

JULY 2000



JULY 2000

ਗੁ: ਸ਼ੀਸ਼ ਮਹਿਲ ਸਾਹਿਬ ਕੀਰਤਪੁਰ ਸਾਹਿਬ

(ਪ੍ਰਕਾਸ਼ ਅਸਥਾਨ ਗੁਰੂ ਹਰਿਕ੍ਰਿਸ਼ਨ ਸਾਹਿਬ ਜੀ)

www.AKJ.org



**ਗੁ: ਸ੍ਰੀ ਪੰਜਖੋਰਾ ਸਾਹਿਬ ਅੰਬਾਲਾ**

(ਜਿਥੇ ਗੁਰੂ ਹਰਿਕ੍ਰਿਸ਼ਨ ਜੀ ਨੇ ਛੱਜੂ ਝਿਊਰ ਦੇ ਸਿਰ ਛੜੀ ਰੱਖ ਗੀਤਾ ਦੇ ਅਰਥ ਕਰਵਾਏ ਤੇ ਬ੍ਰਹਮਣ ਦਾ ਹੰਕਾਰ ਭੰਨਿਆ)

www.AKJ.Org

ਜਾ ਕਉ ਹਰਿ ਰੰਗੁ ਲਾਗੋ ਇਸੁ ਜੁਗ ਮਹਿ ਸੋ ਕਹੀਅਤ ਹੈ ਸੂਰਾ॥


# ਸੂਰਾ

ਮਾਸਿਕ ਪੱਤਰ

ਅਖੰਡ ਕੀਰਤਨੀ ਜੱਥੇ ਵਲੋਂ ਨਿਰੋਲ ਗੁਰਮਤਿ ਮਾਸਿਕ ਪੱਤਰ

*** Read SURA at Internet : www.surainternational.com ***

ਜਿਲਦ ੩੪ ਜੁਲਾਈ ੨੦੦੦ ਅੰਕ ੭


## ਗੁਰਪੁਰਬ ਤੇ ਇਤਿਹਾਸਕ ਦਿਹਾੜੇ

| | |
|---|---|
| ਸ਼ਹੀਦੀ ਦਿਨ ਭਾਈ ਮਨੀ ਸਿੰਘ ਜੀ | ੬ ਜੁਲਾਈ |
| ਜਨਮ ਦਿਵਸ ਭਾ: ਸਾ: ਭਾ: ਰਣਧੀਰ ਸਿੰਘ ਜੀ | ੭ ਜੁਲਾਈ |
| ਸ਼ਸਤਰ ਧਾਰਨ ਦਿਵਸ ਪਾਤਸ਼ਾਹੀ ਛੇਵੀਂ | ੧੧ ਜੁਲਾਈ |
| ਸ਼ਹੀਦੀ ਭਾਈ ਤਾਰੂ ਸਿੰਘ ਜੀ ਪਿੰਡ ਪੂਹਲਾ | ੧੬ ਜੁਲਾਈ |
| ਪ੍ਰਕਾਸ਼ ਦਿਵਸ ਗੁਰੂ ਹਰਿਕ੍ਰਿਸ਼ਨ ਸਾਹਿਬ ਜੀ | ੨੫ ਜੁਲਾਈ |
| ਜਨਮ ਦਿਵਸ ਸਾਹਿਬਜ਼ਾਦਾ ਜੋਰਾਵਰ ਸਿੰਘ ਜੀ | ੨੬ ਜੁਲਾਈ |
| ਸ਼ਹੀਦੀ ਦਿਵਸ ਸ੍ਰ: ਊਧਮ ਸਿੰਘ ਜੀ | ੩੧ ਜੁਲਾਈ |

## ਚੰਦਿਆਂ ਦਾ ਵੇਰਵਾ

| | | |
|---|---|---|
| ਦੇਸ਼ ਸਾਲਾਨਾ | | 40 ਰੁ: |
| ਅਮਾਨਤੀ ਲਾਈਫ਼ ਮੈਂਬਰ | | 400ਰੁ: |
| ਵਿਦੇਸ਼ | ਸਮੁੰਦਰੀ ਡਾਕ | ਹਵਾਈ ਡਾਕ |
| ਸਾਲਾਨਾ | 140ਰੁ: | 400ਰੁ: |
| ਅਮਾਨਤੀ ਲਾਈਫ਼ ਮੈਂਬਰ | 1400ਰ: | 4000ਰੁ: |

## ਚੰਦਾ ਭੇਜਣ ਦਾ ਪਤਾ


ਸੂਰਾ ਮਾਸਿਕ ਪੱਤਰ ਗੁ: ਸਿੰਘ ਸਭਾ
ਮਾਡਲ ਟਾਊਨ, ਲੁਧਿਆਣਾ-141002
Tel : 0161-428194
Fax : 0161-536340, 532147



ਸੂਰਾ ਪੱਤਰ ਵਿਚ ਛਪੇ ਵਿਚਾਰਾ ਨਾਲ ਸੂਰਾ ਪਰਿਵਾਰ ਦਾ ਸਹਿਮਤ ਹੋਣਾ ਜਰੂਰੀ ਨਹੀਂ ਹੈ।



ਕੰਪਿਊਟਰ ਟਾਈਪ ਸੈਟਿੰਗ : ਮਾਈਕਰੋਨਿਕਸ ਕੰਪਿਊਟਰਜ਼ (ਇੰਡੀਆ)
ਡੀ-93, ਬਲਾਕ-16, ਪਾਹਵਾ ਰੋਡ, ਲੁਧਿਆਣਾ 141 003


## ਤਤਕਰਾ


() ਨਾਮ ਦਾ ਦਾਤਾ ਕੌਣ ਹੈ ? ....... ੨
() ਗੁਰੂ ਨਾਨਕ ਦੀ ਸਿੱਖੀ ਵਿੱਚ ਕਰਮ ਅਤੇ ਧਰਮ ....... ੬
() ਖੈਰੁ ਦੀਜੈ ਬੰਦਗੀ ....... ੮
() ਗੁਰੂ ਹਰਿ ਕ੍ਰਿਸ਼ਨ ਸਾਹਿਬ ਜੀ ਦਾ ਯੋਗਦਾਨ ....... ੧੨
() ਸ੍ਰੀ ਗੁਰੂ ਹਰਿ ਕ੍ਰਿਸ਼ਨ ਜੀ ....... ੧੬
() ਨਾਮ-ਰੰਗ ਰਤੜਾ ਦਸਮੇਸ਼ ਦੁਲਾਰਾ ....... ੧੯
() ਹੋਸਟਲ ਵਿਦਿਆਰਥੀਆ ਨੂੰ ਨਸ਼ਿਆ ਤੋਂ ਬਚਾਓ ....... ੨੮
() ਸਾਵਧਾਨ ! ਖਾਲਸਾ ਜੀਓ(ਕਵਿਤਾ) ....... ੩੦
() The Drink that kills, and you may not know ....... ੩੧
() ਸੂਰਾ ਪੱਤਰ ਨੂੰ ਨਵੀਂ ਚੁਣੌਤੀ ....... ੩੩
() ਆਉ !ਸਤਿਗੁਰ ਅੱਗੇ ਜੋਦੜੀ ਕਰੀਏ ....... ੩੪
() ਸਲੋਕ ਭਗਤ ਕਬੀਰ ਜੀਉ ਕੇ (Translation) ....... ੩੫
() ਗੁਰਮਤਿ ਕਰਮ ਫਿਲਾਸਫੀ ....... ੩੬
() ਕੀਰਤਨ ਸਰਗਰਮੀਆ ....... ੩੯
() ਆਉਣ ਵਾਲੇ ਕੀਰਤਨ ਸਮਾਗਮ ....... ੪੦



ਡਿਜ਼ਾਈਨ ਕਰਾਫਟ ਗਿੱਲ ਰੋਡ ਲੁਧਿਆਣਾ ਤੋਂ ਛਪਵਾ ਕੇ ਹਰਬੰਸ ਸਿੰਘ ਪ੍ਰਿੰਟਰ ਪਬਲਿਸ਼ਰ ਤੇ ਸੰਪਾਦਕ ਨੇ ਅਖੰਡ ਕੀਰਤਨੀ ਜੱਥੇ ਵਲੋਂ ੧੨-ਆਈ, ਭਾਈ ਰਣਧੀਰ ਸਿੰਘ ਨਗਰ, ਲੁਧਿਆਣਾ ਤੋਂ ਪ੍ਰਕਾਸ਼ਤ ਕੀਤਾ।

# ਨਾਮ ਦਾ ਦਾਤਾ ਕੌਣ ਹੈ ?

ਵਲੋਂ ਗੁਰਪੁਰ ਵਾਸੀ ਭਾਈ ਸਾਹਿਬ ਭਾਈ ਰਣਧੀਰ ਸਿੰਘ ਜੀ

ਇਸ ਵਿਚ ਸੰਦੇਹ ਨਹੀਂ ਕਿ "ਜੋ ਤੁਧੁ ਸਚੁ ਧਿਆਇਦੇ ਸੇ ਵਿਰਲੇ ਥੋੜੇ" ਗੁਰਵਾਕ ਅਨੁਸਾਰ ਨਾਮ-ਰਸੀਏ ਗੁਰਮੁਖ ਜਨ ਬਹੁਤ ਵਿਰਲੇ ਹੀ ਹਨ, ਪਰ ਸਾਰੀ ਸ੍ਰਿਸ਼ਟੀ ਵਿਚੋਂ ਇਹ ਗੁਰਮੁਖ-ਖ਼ਾਲਸਾ-ਪੰਥ ਅਜਿਹੇ ਵਿਰਲਿਆਂ, ਥੋੜਿਆਂ ਚੁਣ-ਕਢੇ-ਲੱਧੇਵਾਰਿਆਂ, ਖ਼ਾਲਸ ਭਗਤ ਜਨਾਂ, ਸੱਚੇ ਸੁੱਚੇ ਨਾਮ-ਅਭਿਆਸੀਆਂ ਦਾ ਹੀ ਸਮੂਹ ਹੈ। ਇਸ ਗੁਰੂ ਨਾਨਕ ਦਸਮੇਸ਼ ਜੀ ਦੇ ਸਾਜੇ ਨਿਵਾਜੇ ਪੰਥ ਅੰਦਰ ਨਾਮ-ਅਭਿਆਸੀ ਗੁਰਮੁਖ ਜਨਾਂ ਦੀ ਕੋਈ ਥੁੜ ਤੇ ਕਮੀ ਨਹੀਂ, ਬਥੇਰੇ ਗੁੱਝੇ ਲਾਲ ਹਨ; ਪਰ ਏਸ ਦਾ ਇਹ ਭਾਵ ਨਹੀਂ ਕਿ ਸਾਰੇ ਹੀ ਨਾਮ-ਅਭਿਆਸੀ ਗੁਰਮੁਖ ਜਨਾਂ ਨੂੰ ਥਾਉਂ ਥਾਈਂ ਨਾਮ-ਦਾਤੇ ਗੁਰ ਪੀਰ ਪਰਵਾਨਿਆ ਜਾਏ। ਏਸ ਦਾ ਨਤੀਜਾ ਇਹ ਹੋਵੇਗਾ ਕਿ ਜਿਤਨੇ ਨਾਮ-ਰਸੀਏ ਗੁਰਮੁਖ ਜਨ ਹਨ, ਉਤਨੀਆਂ ਹੀ ਗੁਰੂ-ਡੰਮ-ਪ੍ਰਣਾਲੀਆਂ ਚਲ ਪੈਣਗੀਆਂ।

ਗੁਰੂ ਪੰਥ ਵਿਖੇ ਦਸੋਂ ਗੁਰ ਸਾਹਿਬਾਨ ਦੇ ਸਮੇਂ ਵਿਚ ਤੇ ਪਿਛੋਂ ਹੁਣ ਤਾਈਂ ਭੀ ਨਾਮ-ਅਭਿਆਸ ਕਮਾਈਆਂ ਵਾਲੇ ਪ੍ਰਗ ਖਲੋਤੇ ਗੁਰਮੁਖ ਚਲੇ ਆਏ ਹਨ; ਪਰ ਦਸੋਂ ਗੁਰੂ ਸਾਹਿਬਾਨ ਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਮਉਜੂਦਗੀ ਵਿਚ ਵਖਰੀ ਗੁਰੂ-ਡੰਮ ਕੋਈ ਪ੍ਰਵਾਣੀਕ ਨਹੀਂ ਹੋਈ। ਬਾਬਾ ਬੁੱਢਾ ਜੀ ਉਚ ਕੋਟੀ ਦੇ ਗੁਰਮੁਖ, ਨਾਮ ਅਭਿਆਸੀ ਤੇ ਬ੍ਰਹਮ ਗਿਆਨੀ ਸਨ, ਪਰ ਉਨ੍ਹਾਂ ਦੀ ਭੀ ਗੁਰੂ-ਡੰਮ ਸੰਪ੍ਰਦਾ ਨਹੀਂ ਸੀ, ਨਾ ਉਨ੍ਹਾਂ ਨੇ ਖ਼ੁਦ ਆਪਣੇ ਆਪ ਨੂੰ ਗੁਰੂ ਸਦਵਾਇਆ ਅਤੇ ਨਾ ਹੀ ਉਨ੍ਹਾਂ ਨੂੰ ਕਿਸੇ ਨੇ ਗੁਰੂ ਤਸਲੀਮ ਕੀਤਾ; ਤਦ ਹੋਰ ਏਥੇ ਕਿਸੇ ਦੀ ਕੀ ਵੱਟੀਦੀ ਹੈ।

ਸਤਿਗੁਰੁ ਦਾਤਾ ਹਰਿਨਾਮ ਕਾ ਪ੍ਰਭੁ ਆਪਿ ਮਿਲਾਵੈ ਸੋਇ॥
ਸਤਿਗੁਰਿ ਹਰਿ ਪ੍ਰਭੁ ਬੁਝਿਆ ਗੁਰ ਜੇਵਡੁ ਅਵਰੁ ਨ ਕੋਇ॥
ਹਉ ਗੁਰ ਸਰਣਾਈ ਢਹਿ ਪਵਾ ਕਰਿ ਦਇਆ ਮੇਲੇ ਪ੍ਰਭੁ ਸੋਇ॥੨॥

(ਸਿਰੀ ਰਾਗ ਮ: ੪, ਪੰਨਾ ੩੯)

ਸਤਿਗੁਰਿ ਦਿਤਾ ਹਰਿਨਾਮੁ ਅੰਮ੍ਰਿਤੁ ਚਖਿਆ॥੧॥(੨੦)

(ਵਾਰ ਗੂਜਰੀ ਮ: ੩, ਪੰਨਾ ੫੨੩)

ਤਿਸੁ ਆਗੈ ਅਰਦਾਸਿ ਕਰਿ ਜੋ ਮੇਲੇ ਕਰਤਾਰੁ॥
ਸਤਿਗੁਰੁ ਦਾਤਾ ਨਾਮ ਕਾ ਪੂਰਾ ਜਿਸੁ ਭੰਡਾਰੁ॥
ਸਦਾ ਸਦਾ ਸਾਲਾਹੀਐ ਅੰਤੁ ਨ ਪਾਰਾਵਾਰੁ॥੩॥ (ਸਿਰੀ ਰਾਗੁ ਮ: ੫, ਪੰਨਾ ੪੯)

ਸਤਿਗੁਰ ਦਾਤੈ ਨਾਮੁ ਦਿੜਾਇਆ॥ ਵਡਭਾਗੀ ਗੁਰ ਦਰਸਨੁ ਪਾਇਆ॥
ਅੰਮ੍ਰਿਤ ਰਸੁ ਸਚੁ ਅੰਮ੍ਰਿਤੁ ਬੋਲੀ ਗੁਰਿ ਪੂਰੈ ਅੰਮ੍ਰਿਤੁ ਲੀਚੈ ਜੀਉ॥੩॥

(ਮਾਝ ਮ: ੪, ਪੰਨਾ ੯੬)

ਸਤਿਗੁਰੁ ਦਾਤਾ ਮਿਲੈ ਮਿਲਾਇਆ॥ ਪੂਰੈ ਭਾਗਿ ਮਨਿ ਸਬਦੁ ਵਸਾਇਆ॥
ਨਾਨਕ ਨਾਮੁ ਮਿਲੈ ਵਡਿਆਈ ਹਰਿ ਸਚੇ ਕੇ ਗੁਣ ਗਾਵਣਿਆ॥੮॥

(ਮਾਝ ਮ: ੩, ਪੰਨਾ ੧੧੫)

ਹਰਿ ਹਰਿ ਅਰਥਿ ਸਰੀਰੁ ਹਮ ਬੇਚਿਆ ਪੂਰੇ ਗੁਰ ਕੈ ਆਗੇ॥
ਸਤਿਗੁਰ ਦਾਤੈ ਨਾਮੁ ਦਿੜਾਇਆ ਮੁਖਿ ਮਸਤਕਿ ਭਾਗ ਸਭਾਗੇ॥

(ਗਉੜੀ ਪੂਰਬੀ ਮ:੪॥੧॥) (ਪੰਨਾ ੧੭੧)

ਸਤਗੁਰੁ ਦਾਤਾ ਵਡਾ ਵਡ ਪੁਰਖੁ ਹੈ ਜਿਤੁ ਮਿਲਿਐ ਹਰਿ ਉਰਧਾਰੇ॥
ਜੀਅ ਦਾਨੁ ਗੁਰਿ ਪੂਰੈ ਦੀਆ ਹਰਿ ਅੰਮ੍ਰਿਤ ਨਾਮੁ ਸਮਾਰੇ॥੧॥

(ਰਾਮਕਲੀ ਮ: ੪, ਪੰਨਾ ੮੮੨)


www.AKJ.Org

ਸਤਿਗੁਰੁ ਦਾਤਾ ਸਬਦੁ ਸੁਣਾਏ॥ ਧਾਵਤੁ ਰਾਖੈ ਠਾਕਿ ਰਹਾਏ॥
ਪੂਰੇ ਗੁਰ ਤੇ ਸੋਝੀ ਪਾਏ॥੭॥ (ਗਉੜੀ ਮ:੩, ਪੰਨਾ ੨੩੨)
ਸਤਿਗੁਰੁ ਦਾਤਾ ਆਖੀਐ ਤੁਸਿ ਕਰੇ ਪਸਾਓ॥
ਹਉ ਗੁਰ ਵਿਟਹੁ ਸਦ ਵਾਰਿਆ ਜਿਨਿ ਦਿਤੜਾ ਨਾਓ॥੧੬॥ (ਤਿਲੰਗ ਮ: ੪, ਪੰਨਾ ੭੨੬)
ਸਤਿਗੁਰੁ ਦਾਤਾ ਰਾਮ ਨਾਮ ਕਾ ਹੋਰੁ ਦਾਤਾ ਕੋਈ ਨਾਹੀ॥
ਜੀਅ ਦਾਨੁ ਦੇਇ ਤ੍ਰਿਪਤਾਸੇ ਸਚੈ ਨਾਮਿ ਸਮਾਹੀ॥੨॥ (ਮਲਾਰ ਮ: ੩, ਪੰਨਾ ੧੨੫੯)

ਇਸ ਤਰ੍ਹਾਂ ਦੇ ਅਨੇਕਾਂ ਗੁਰਵਾਕ ਹਨ, ਜੋ ਸਾਫ਼ ਤੌਰ ਪਰ ਸਿੱਧ ਕਰਦੇ ਹਨ ਕਿ ਨਾਮ ਦਾ ਦਾਤਾ ਕੇਵਲ ਸਤਿਗੁਰ ਹੀ ਹੈ। ਸਤਿਗੁਰੂ ਬਾਝਹੁ ਹੋਰ ਕੋਈ ਭੀ ਨਾਮ ਦਾ ਦਾਤਾ ਨਹੀਂ ਬਣ ਸਕਦਾ, ਅਰਥਾਤ ਸਤਿਗੁਰੂ ਬਾਝਹੁੰ ਹੋਰ ਕੋਈ ਸਿਖ ਸੰਤ, ਮਹੰਤ ਗੁਰਮੁਖ ਜਨ ਭਾਵੇਂ ਕਿਤਨਾ ਹੀ ਵੱਡਾ ਪੁਰਸ਼ ਬ੍ਰਹਮ ਗਿਆਨੀ ਹੋਵੇ, ਉਹ ਇਕੱਲਾ ਕਿਸੇ ਨੂੰ ਨਾਮ ਨਹੀਂ ਦੇ ਸਕਦਾ, ਨਾ ਉਹ ਨਾਮ ਦਾ ਦਾਤਾ ਬਣ ਸਕਦਾ ਹੈ। ਜੋ ਸਿਖ, ਸੰਤ, ਮਹੰਤ ਇਕੱਲੇ ਹੀ ਨਾਮ ਦੇਣ ਦੀ ਮਨਮਤਿ ਕਰਦੇ ਹਨ, ਉਹ ਨਾਮ ਦੇ ਦਾਤੇ ਗੁਰੂ ਬਣਨ ਦੀ ਹਮਾਕਤ ਕਰਦੇ ਹਨ ਤੇ ਸਤਿਗੁਰੂ ਦੇ ਸ਼ਰੀਕ ਬਣਦੇ ਹਨ; ਉਹ ਗੁਰਮੁਖ ਨਹੀਂ ਮਨਮੁਖ ਹਨ। (ਜਿਥੇ ਕੋਈ ਇਕ ਕਿਸੇ ਇਕ ਸਿਖ ਪਾਸੋਂ ਨਾਮ ਲੈਂਦਾ ਹੈ ਜਾਂ ਜਿਥੇ ਕੋਈ ਇਕ ਸਿਖ ਕਿਸੇ ਨੂੰ ਨਾਮ ਦੇਂਦਾ ਹੈ, ਉਥੇ ਸਮਝ ਲਵੋ ਕਿ ਪੱਕੀ ਗੁਰੂ-ਡੰਮ ਦਾ ਡਿੰਭ ਜਾਰੀ ਹੈ।) ਸ੍ਰੀ ਗੁਰੂ ਦਸਮੇਸ਼ ਜੀ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਅੰਤਮ ਤੌਰ ਪੁਰ ਗੁਰਿਆਈ ਬਖਸ਼ ਕੇ, ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਤਾਬੇ ਪੰਜਾਂ ਪਿਆਰਿਆਂ ਨੂੰ ਅੰਮ੍ਰਿਤ ਛਕਾਉਣ ਤੇ ਨਾਮ-ਦਾਨ ਦੇਣ ਦਾ ਅਧਿਕਾਰ ਦਿਤਾ। ਕਿਸੇ ਇਕ ਸਿਖ ਸੰਤ ਨੂੰ ਨਾਮ-ਦਾਤਾ ਸਮਝਣਾ। ਉਸ ਨੂੰ ਗੁਰੂ-ਸੰਤ ਦੀ ਪਦਵੀ ਦੇਣਾ ਹੈ। ਉਪਰਲੇ ਗੁਰਵਾਕ ਸਾਫ਼ ਪਰਗਟ ਕਰਦੇ ਹਨ ਕਿ ਕੇਵਲ ਸਤਿਗੁਰੂ ਹੀ ਨਾਮ ਦਾ ਦਾਤਾ ਹੈ ਅਤੇ ਐਸੇ ਸਤਿਗੁਰੂ ਦਾ ਮੇਲ ਪ੍ਰਭੂ ਪ੍ਰਮਾਤਮਾ ਦੀ ਨਦਰ ਪ੍ਰਸਾਦਿ ਮਿਲੌਣੀ ਦੁਆਰਾ ਹੀ ਹੁੰਦਾ ਹੈ। ਧੁਰੋਂ ਪਠਾਏ ਹੁਕਮ ਅਨੁਸਾਰ ਸਤਿਗੁਰੂ ਨਾਨਕ ਦੇਵ ਜੀ ਇਸ ਸੰਸਾਰ ਅੰਦਰ ਆਉਂਦੇ ਹਨ ਤੇ ਧੁਰਿ ਲਿਖਤ ਸੰਜੋਗਾਂ ਨਾਲ ਹੀ ਅਧਿਕਾਰੀ ਜਨਾਂ ਨੂੰ ਐਸੇ ਸਤਿਗੁਰੂ ਦਾ ਮੇਲ ਮਿਲਾਪ ਤੇ ਪ੍ਰਾਪਤੀ ਹੁੰਦੀ ਹੈ। ਗੁਰੂ ਕਿਸੇ ਆਦਮੀ ਦੇ ਬਣਾਏ ਨਹੀਂ ਬਣਦੇ, ਆਪੇ ਬਣਾਈ ਬਣੌਟ ਦੁਆਰਾ ਨਹੀਂ ਬਣਦੇ, ਇਹ ਤਾਂ ਧੁਰੋਂ ਪਠਾਏ ਹੀ ਹੁੰਦੇ ਹਨ। ਅਕਾਲੀ ਹੁਕਮ ਅਨੁਸਾਰ ਏਸ ਕਲੀ ਕਲਾ ਅੰਦਰ ਸਤਿਗੁਰੂ ਦੀ ਪਦਵੀ ਪ੍ਰਾਪਤ ਹੋਈ ਤਾਂ ਕੇਵਲ ਸਤਿਗੁਰੂ ਨਾਨਕ ਦੇਵ ਜੋਤਿ ਸਰੂਪੀ ਦਸਾਂ ਪਾਤਸ਼ਾਹੀਆਂ ਨੂੰ ਅਤੇ ਦੱਸਾਂ ਗੁਰੂਆਂ ਦੇ ਸੱਚੇ ਸਰੂਪ ਸ੍ਰੀ ਗੁਰੂ ਗ੍ਰੰਥ ਸਾਹਿਬ ਨੂੰ ਪ੍ਰਾਪਤ ਹੋਈ। ਹੋਰ ਕਿਸੇ ਨੂੰ ਨਾ ਇਹ ਪਦਵੀ ਪ੍ਰਾਪਤ ਹੋਈ, ਨਾ ਹੁਣ ਹੋਣੀ ਹੈ, ਨਾ ਹੋਵੇਗੀ। ਡਿੰਭੀ ਗੁਰੂ, ਪਿਛੇ ਬਥੇਰੇ ਹੋਏ, ਅੱਗੇ ਭੀ ਹੁੰਦੇ ਰਹਿਣਗੇ, ਪਰ ਸੱਚੇ ਸਤਿਗੁਰੂ ਦੀ ਪਦਵੀ ਕਿਸੇ ਨੂੰ ਭੀ ਪ੍ਰਾਪਤ ਨਹੀਂ ਹੋਈ ਤੇ ਨਾ ਹੋਵੇਗੀ। ਐਸੇ। ਸੱਚੇ ਸਤਿਗੁਰੂ ਦੁਆਰਾ ਹੀ ਹਰੀ ਪ੍ਰਭ ਬੁਝੀਦਾ ਲਖੀਦਾ ਹੈ। ਗੁਰੂ ਦਾ ਪਦ ਘਟਦਾ ਹੈ ਤਾਂ ਕੇਵਲ ਧੁਰੋਂ ਆਏ ਸਤਿਗੁਰਾਂ ਪ੍ਰਥਾਇ ਹੀ ਘਟਦਾ ਹੈ। ਬੱਸ । ਸਤਿਗੁਰੂ ਜੇਵਡ ਹੋਰ ਕੋਈ ਦੇਹਧਾਰੀ ਗੁਰੂ ਨਹੀਂ ਹੋ ਸਕਦਾ। ਐਸੇ ਸਤਿਗੁਰੂ ਦੀ ਸਰਣਾਈ ਢਹਿ ਪੈਣਾ, ਅਰਥਾਤ ਸਤਿਗੁਰੂ ਦੇ ਅਨਿੰਨ ਸਿਖ ਮੁਰੀਦ ਹੋਣ ਕਰਕੇ ਹੀ ਗੁਰਸਿਖਾਂ ਦਾ ਨਿਸਤਾਰਾ ਹੈ।

ਕਿਸੇ ਨੂੰ 'ਉਪਦੇਸ਼ਟਾ ਗੁਰੂ' 'ਮੰਜੀ ਗੁਰੂ' ਕਹਿਣਾ ਸਭ ਫ਼ਜ਼ੂਲ ਹਨ। ਭਾਈ ਅਵਤਾਰ ਸਿੰਘ ਵਹੀਰੀਏ ਨੇ ਬਹੁਤ ਸਾਰੀਆਂ ਪੁਸਤਕਾਂ ਛਾਪੀਆਂ ਸਨ, ਜਿਨ੍ਹਾਂ ਵਿਚ ਬਾਬਾ ਖੇਮ ਸਿੰਘ ਜੀ ਬੇਦੀ ਨੂੰ 'ਮੰਜੀ ਗੁਰੂ' ਸਿੱਧ ਕਰਨ ਵਿਚ ਬਹੁਤਾ ਜ਼ੋਰ ਲਾਇਆ। ਉਨ੍ਹਾਂ ਦਾ ਇਹ ਕਥਨ ਸੀ ਕਿ ਗੱਦੀ ਗੁਰੂ ਤਾਂ ਗੁਰੂ ਸਾਹਿਬਾਨ ਹੀ ਹਨ, ਪਰ ਬਾਬਾ ਖੇਮ ਸਿੰਘ ਜੀ ਮੰਜੀ ਗੁਰੂ ਹਨ।

ਅਸੀਂ ਇਕ 'ਹੰਸ ਸਰੋਵਰ' ਨਾਮੇ ਪੁਸਤਕ ਦੇਖੀ ਹੈ। ਉਸ ਵਿਚ ਭੀ ਨਿਰਾ ਗੁਰੂ-ਡੰਮ ਦੇ ਪ੍ਰਚਾਰ ਦਾ ਹੀ ਡਿੰਭ। ਰਚਿਆ ਹੈ। ਏਸ ਗੁਰੂ-ਡੰਮ ਦਾ ਬਾਨੀ ਇਕ 'ਠਾਕੁਰ ਜੀ' ਨਾਮੇ ਕੇਸ਼-ਹੀਨ ਹੈ, ਜਿਸ ਨੂੰ ਉਸ ਦੇ ਉਪਦੇਸ਼ਕ 'ਸੁਯੰਭੂ' ਯਾ ਸੁਤੇ ਪ੍ਰਕਾਸ਼ ਗੁਰੂ ਕਰਕੇ ਮੰਨਦੇ ਤੇ ਮਨਾਉਂਦੇ ਹਨ। ਉਸ ਨੂੰ ਉਸਦੇ


www.AKJ.Org

ਕਈ ਮੁਰੀਦ ਗੁਰੂ ਨਾਨਕ ਸਾਹਿਬ ਦਾ ਅਵਤਾਰ ਤੇ ਕਈ ਬਾਬਾ ਸ੍ਰੀ ਚੰਦ ਦਾ ਅਵਤਾਰ ਦਸਦੇ ਹਨ। ਏਸ ਸ਼੍ਰੇਣੀ ਵਿਚ ਭੀ ਗੁਰੂ-ਡੰਮ ਦਾ ਸਿਲਸਿਲਾ ਚਲਿਆ ਹੋਇਆ ਹੈ। ਨਾਮ-ਦਾਤੇ ਗੁਰੂ ਇੱਟ ਚੁੱਕਣ ਤੇ ਨਿਕਲ ਆਉਂਦੇ ਹਨ। ਇਕ ਆਦਮੀ ਤੋਂ ਨਾਮ ਲੈਣ ਦੇਣ ਦਾ ਸਿਲਸਿਲਾ ਤਾਂ ਅਨੇਕਾਂ ਅਜਿਹੀਆਂ ਸ਼੍ਰੇਣੀਆਂ ਵਿਚ ਚਲਿਆ ਹੋਇਆ ਹੈ। ਏਹਨਾਂ ਨਾਮ-ਦਾਤੀਆਂ ਸੰਪ੍ਰਦਾਵਾਂ ਦੀ ਬੀਮਾਰੀ ਦਾ ਮੁਢ ਤਾਂ ਨਾਮਧਾਰੀਆਂ ਦੀ ਗੁਰੂ-ਡੰਮ ਸੰਪ੍ਰਦਾਇ ਹੈ, ਜਿਸ ਵਿਚ ਨਾਮ ਦੇਣ ਦੀ ਆਮ ਖੁਲ੍ਹ ਹੈ ਤੇ ਇਕ ਇਕੱਲਾ ਹੀ ਬਹੁਤਿਆਂ ਨੂੰ ਨਾਮ ਦੇ ਦਿੰਦਾ ਹੈ। ਏਸ ਖੁਲ੍ਹੀ ਖੇਡ ਨੇ ਨਾਮ-ਦਾਤ ਨੂੰ ਹਾਸੋ ਹੀਣਾ ਬਣਾ ਦਿਤਾ ਹੈ, ਜਿਸ ਤੋਂ ਸਰਦਾ-ਸੁਰਦਾ ਕੁਝ ਨਹੀਂ। ਇਹ ਸਭ ਕੁਝ ਗੁਰਮਤਿ ਅਸੂਲਾਂ ਤੋਂ ਬੇ-ਅਸੂਲੇ ਹੋਣ ਵਾਲੀ ਗੁਰੂ-ਡੰਮ ਹੈ। ਅੰਮ੍ਰਿਤ-ਧਾਰੀ ਹੋਏ ਬਾਝੋਂ, ਅਰਥਾਤ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਹਜ਼ੂਰੀ ਵਿਚ ਪੰਜਾਂ ਪਿਆਰਿਆਂ ਤੋਂ ਅੰਮ੍ਰਿਤ ਛਕੇ ਬਿਨਾ, ਕਿਸੇ ਜਗਿਆਸੂ ਨੂੰ, ਇਹ ਗੁਰਮਤਿ-ਸਰਟੀਫ਼ਿਕੇਟ ਗੁਰੂ-ਘਰ ਤੋਂ ਨਹੀਂ ਮਿਲ ਸਕਦਾ ਕਿ ਉਕਤ ਜਗਿਆਸੂ ਨੇ ਗੁਰੂ ਧਾਰਨ ਕਰ ਲਿਆ ਹੈ। ਉਹ ਨਿਗੁਰਾ ਹੀ ਰਹੇਗਾ ਅਤੇ ਨਿਗੁਰੇ ਨੂੰ ਸਗੁਰਾ ਕੀਤੇ ਬਾਝੋਂ ਨਾਮ ਗੁਰਮੰਤਰ ਦੇਣਾ ਅਕਾਰਥ ਤੇ ਗੁਰਮਤਿ ਤੋਂ ਉਲਟ ਹੈ।

ਇਹ ਬੀਮਾਰੀ ਪੈ ਗਈ ਹੈ ਤੇ ਸੰਤਗੀਰੀ ਤੋਂ ਗੁਰਗੀਰੀ ਵਲ ਨੂੰ ਹੱਥ ਵਧਾਇਆ ਜਾ ਰਿਹਾ ਹੈ, ਜਿਸ ਨੇ ਸੰਤ ਪਦ ਨੂੰ ਬਦਨਾਮ ਕਰ ਦਿਤਾ ਹੈ। ਬੇਸ਼ਕ ਗੁਰਬਾਣੀ ਵਿਚ ਐਸੇ ਗੁਰਵਾਕ ਹਨ ਜਿਨ੍ਹਾਂ ਵਿਚ ਗੁਰੂ ਕੇ ਸਿਖਾਂ ਪ੍ਰਥਾਇ ਭੀ ਸੰਤ ਪਦ ਘਟਦਾ ਹੈ, ਪਰ ਸਾਰੀ ਗੁਰਬਾਣੀ ਵਿਚ 'ਸੰਤ' ਅਤੇ 'ਸਾਧ' ਪਦ ਦੀ ਬਹੁਤੀ ਸ਼ਲਾਘਾ, ਪੂਜਮਈ ਸ਼ਲਾਘਾ ਜੋ ਹੈ ਸੋ ਸਿਰਫ਼ ਗੁਰੂ ਸਾਹਿਬਾਨ ਉਪਰ ਹੀ ਘਟਦੀ ਹੈ। ਸੁਖਮਨੀ ਸਾਹਿਬ ਵਿਚ 'ਸੰਤ', 'ਸਾਧ' ਤੇ 'ਬ੍ਰਹਮ ਗਿਆਨੀ' ਦੀ ਜੋ ਮਹਿਮਾ ਸ੍ਰੀ ਪੰਚਮ ਪਾਤਸ਼ਾਹ ਨੇ ਵਰਣਨ ਕੀਤੀ ਹੈ ਉਹ ਸਭ ਪਹਿਲੇ ਗੁਰੂ ਸਾਹਿਬਾਨ ਪ੍ਰਥਾਇ ਹੀ ਉਚਾਰਨ ਹੋਈ ਹੈ। ਗੁਰਮੁਖ, ਸਾਧ, ਸੰਤ ਮਈ ਮਹਿਮਾ ਗੁਰਮਤਿ ਆਦਰਸ਼ ਨਿਸ਼ਾਨਾ-ਖ਼ਾਸ ਕਰ ਕੇਵਲ ਗੁਰੂ ਸਾਹਿਬਾਨ ਪਰ ਹੀ ਘਟਦਾ ਹੈ। ਕਲਜੁਗਿ ਵਿਚ ਪਰਗਟ ਹੋਏ ਗੁਰਮੁਖ ਗੁਰੂ ਸਾਧ ਦੀ ਮਹਿਮਾ, ਆਪ ਗੁਰੂ ਅਕਾਲ ਪੁਰਖ, ਕਰਤੇ ਪੁਰਖ ਨੇ ਗੁਰੂ-ਜਾਮਿਆਂ ਵਿਚ ਖਲੋਇ ਕੇ, ਗੁਰੂ ਸਾਹਿਬ ਦੇ ਮੁਖਾਰਬਿੰਦ ਤੋਂ ਉਚਾਰਨ ਕਰਾਈ। ਉਹ ਗੁਰਸਿਖ ਭੀ ਵਡਭਾਗੀ ਹਨ ਜਿਨ੍ਹਾਂ ਦੀ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੇ ਏਸ ਪ੍ਰਕਾਰ ਮਹਿਮਾ ਕੀਤੀ ਹੈ–

ਧੰਨੁ ਧਨੁ ਭਾਗ ਤਿਨਾ ਭਗਤ ਜਨਾ ਜੋ ਹਰਿਨਾਮਾ ਹਰਿ ਮੁਖਿ ਕਹਤਿਆ॥
ਧਨੁ ਧਨੁ ਭਾਗ ਤਿਨਾ ਸੰਤ ਜਨਾ ਜੋ ਹਰਿ ਜਸੁ ਸ੍ਰਵਣੀ ਸੁਣਤਿਆ॥
ਧਨੁ ਧਨੁ ਭਾਗ ਤਿਨਾ ਸਾਧ ਜਨਾ ਹਰਿ ਕੀਰਤਨੁ ਗਾਇ ਗੁਣੀ ਜਨ ਬਣਤਿਆ॥
ਧਨੁ ਧਨੁ ਭਾਗ ਤਿਨਾ ਗੁਰਮੁਖਾ ਜੋ ਗੁਰ ਸਿਖ ਲੈ ਮਨੁ ਜਿਣਤਿਆ॥
ਸਭ ਦੂ ਵਡੇ ਭਾਗ ਗੁਰਸਿਖਾ ਕੇ ਜੋ ਗੁਰ ਚਰਣੀ ਸਿਖ ਪੜਤਿਆ॥੧੮॥

(ਵਾਰ ਸੋਰਠਿ ਮ: ੪, ਪੰਨਾ ੬੪੯)

ਏਸ ਗੁਰਵਾਕ ਅੰਦਰ ਸਤਿਗੁਰਾਂ ਨੇ ਗੁਰਸਿਖਾਂ ਨੂੰ ਪੰਜ ਪ੍ਰਕਾਰੀ ਖ਼ਿਤਾਬ ਦੇ ਕੇ ਵਡਿਆਇਆ ਹੈ। ਪਹਿਲਾ ਤਾਂ ਗੁਰਸਿਖ ਦੀ 'ਭਗਤ ਜਨ' ਕਹਿ ਕੇ ਮਹਿਮਾ ਕੀਤੀ ਹੈ, ਅਰਥਾਤ ਮੁਖ ਤੋਂ ਹਰ ਸਮੇਂ ਹਰ ਖਿਨ ਨਾਮ ਜਪਣ ਵਾਲਿਆਂ ਗੁਰਸਿਖਾਂ ਨੂੰ ਭਗਤ ਜਨਾਂ ਦਾ ਖ਼ਿਤਾਬ ਦੇ ਕੇ 'ਧੰਨ ਧੰਨ' ਆਖਿਆ ਹੈ। ਦੂਜੀ ਤੁਕ ਵਿਚ 'ਹਰਿ ਜਸ' ਸ੍ਰਵਣੀ ਸੁਨਣਹਾਰਿਆਂ ਗੁਰਸਿਖਾਂ ਨੂੰ 'ਸੰਤ ਜਨਾਂ' ਦਾ ਰੁਤਬਾ ਦੇ ਕੇ 'ਧੰਨ ਧੰਨ' ਆਖਿਆ ਹੈ। ਤੀਜੀ ਤੁਕ ਵਿਚ 'ਹਰਿ ਕੀਰਤਨ' ਗਾਉਣ ਵਾਲੇ ਗੁਣੀ ਜਨ ਗੁਰਸਿਖਾਂ ਨੂੰ 'ਸਾਧ ਜਨਾਂ' ਦਾ ਮਰਤਬਾ ਦੇ ਕੇ ਸਲਾਹਿਆ ਹੈ ਤੇ 'ਧੰਨ ਧੰਨ' ਅਲਾਇਆ ਹੈ। ਚੌਥੀ ਤੁਕ ਵਿਚ ਗੁਰ-ਦੀਖਿਆ ਲੈ ਕੇ ਤੇ ਗੁਰ-ਦੀਖਿਆ ਗੁਰਮੰਤ੍ਰ, ਗੁਰਮਤਿ ਨਾਮ ਦੀ ਅਭਿਆਸ ਗੁਰ ਕਮਾਈ ਕਰਿ, ਮਨ ਜਿਤਣ ਵਾਲਿਆ, ਸਦਾ ਪਰਣ ਰਹਿਣ ਵਾਲੇ ਸਤਿਗੁਰੂ ਦੇ ਸਨਮੁਖੀ ਸਿਖਾ ਨੂੰ 'ਗੁਰਮੁਖਾਂ' ਦੀ ਪਦਵੀ ਦੇ ਕੇ ਨਦਰ ਨਿਹਾਲਿਆ ਤ ਧੰਨ ਧੰਨਾਲਿਆ ਹੈ। ਪੰਜਵੀਂ ਤੁਕ ਅੰਦਰ ਸਦਾ ਗੁਰ ਪ੍ਰਾਇਣ ਹੋ ਕੇ, ਗੁਰ ਸ਼ਰਣੀ ਪੜੇ ਰਹਿਣ ਵਾਲਿਆਂ


www.AKJ.Org

ਸਿੱਖਾਂ ਨੂੰ ਨਿਰੋਲ ਖ਼ਾਲਸਾ 'ਗੁਰਸਿਖ' ਆਖ ਕੇ, ਸਭ ਨੂੰ ਵਡੇ ਭਾਗਾਂ ਵਾਲੇ ਗੁਰਸਿਖਾਂ ਦਾ ਸਭ ਤੋਂ ਉਚਾ ਦਰਜਾ ਦਿਤਾ ਹੈ। ਸਿਖ ਨੂੰ ਸਦਾ ਗੁਰ ਕੇ ਚਰਣ ਸ਼ਰਣ ਸ਼ਰਣਾਗਤੀ ਸਿਖ ਰਹਿਣ ਵਿਚ ਹੀ ਸਭ ਤੋਂ ਵੱਡੀ ਵਡਿਆਈ ਹੈ। ਉਸ ਗੁਰਸਿਖ ਦੇ ਸਭ ਤੋਂ ਵਡੇ ਭਾਗ ਹਨ ਜੋ ਸਦਾ ਗੁਰੂ ਦੀ ਚਰਣ ਸ਼ਰਣ ਪਏ ਰਹਿਣ ਵਾਲਾ ਸਿਖ ਹੀ ਬਣਿਆ ਰਹਿੰਦਾ ਹੈ; ਕਦੇ ਗੁਰੂ ਬਣ ਕੇ ਗੁਰੂ ਦੀ ਬਰਾਬਰੀ ਨਹੀਂ ਕਰਦਾ, ਤੇ ਕਦੇ ਸੁਪਨੇ ਵਿਚ ਭੀ ਗੁਰੂ ਕਾ ਗੁਰਮੰਤ੍ਰ ਦਾਤਾਰਨੀ ਗੁਰਦੇਵ ਪਦਵੀ ਵਾਲਾ ਗੁਰੂ ਸੀਗਾ ਸਾਂਭਣ ਦੀ ਹਮਾਕਤ ਨਹੀਂ ਕਰਦਾ। ਐਸਾ ਕਰਨ ਵਿਚ ਉਸ ਦੀ ਗੁਰਸਿਖ ਪਦਵੀ ਵਾਲੀ ਵਡਿਆਈ ਭੀ ਖੋਹੀ ਜਾਂਦੀ ਹੈ, ਉਸਦੇ ਉਪਰ ਗੁਰ-ਕਰੁਣਾ ਦੁਆਰਾ ਆਇਦ ਹੋਏ ਗੁਰ ਭਗਤ, ਸੰਤ, ਸਾਧ ਤੇ ਗੁਰਮੁਖ ਵਾਲੇ ਪਦ ਵੀ ਖੁਸ ਜਾਂਦੇ ਹਨ। ਗੁਰੂ ਕੇ ਸਿਖਾਂ ਲਈ ਭਲੀ ਗੱਲ ਇਹੋ ਹੈ ਕਿ ਉਹ ਸਦਾ ਸਿਖ ਹੀ ਬਣੇ ਰਹਿਣ ਤੇ ਕਦੇ ਭੀ ਆਪਣੇ ਆਪ ਨੂੰ ਸੰਤ ਸਦਾਉਣ ਵਿਚ ਫ਼ਖਰ ਨਾ ਸਮਝਣ। ਪਰਾਈ ਕਣੌਡ ਤੇ ਪਰਾਈ ਰੀਸ ਕੁਰੀਸੇ ਸੰਤ ਬਣ ਬਣ ਬੈਠਣਾ, ਭਲੇ ਸਿਖਾਂ ਦਾ ਕੰਮ ਨਹੀਂ।

ਤੇ ਸੰਤ ਭਲੇ ਗੁਰਸਿਖ ਹੈ ਜਿਨ ਨਾਹੀ ਚਿੰਤ ਪਰਾਈ ਚੁਖਾ॥੬॥

(ਵਡਹੰਸ ਕੀ ਵਾਰ, ਪੰਨਾ ੫੮੮ )

ਸੰਤ ਸੁਭਾ ਵਾਲੇ ਗੁਰਸਿਖਾਂ ਦੀ ਸੁਤੇ ਹੀ ਸਿਖ ਸੰਤਾਂ ਵਾਲੀ ਮਹਿਮਾ ਹੋਣ ਲਗ ਪੈਂਦੀ ਹੈ, ਪਰ ਉਹ ਸਦਾ ਨਿਰਮਾਣ ਰਹਿੰਦੇ ਹੋਏ ਕਦੇ ਭੀ ਆਪਣੇ ਆਪ ਨੂੰ ਸੰਤ ਸਦਵਾਣ ਵਿਚ ਰਾਜ਼ੀ ਨਹੀਂ ਹੁੰਦੇ। ਕਿਥੇ ਇਹ ਕਿ ਉਹ 'ਗੁਰੂ-ਸੰਤ' ਸਦਾਉਣ ਦੀ ਢੀਠਤਾ ਭਰੀ ਮਨਮਤ ਵਿਚ ਪੈਣ।

ਗੁਰਬਾਣੀ ਅੰਦਰ ਸਭ ਸੰਤ ਪਦ ਬਹੁਤਾ ਗੁਰੂ ਸਾਹਿਬਾਨ ਪ੍ਰਥਾਇ ਹੀ ਘਟਦਾ ਹੈ ਤੇ ਨਾਮ-ਦਾਤ ਦੇਣਹਾਰਾ ਗੁਰਮੁਖ ਪਦ ਭੀ ਸਤਿਗੁਰਾਂ ਪ੍ਰਥਾਇ ਹੀ ਘਟਦਾ ਹੈ। ਜੈਸਾ ਕਿ ਗੁਰਬਾਣੀ ਦੇ ਤੱਤਵੇਤਾ ਸ੍ਰੀ ਭਾਈ ਗੁਰਦਾਸ ਜੀ ਨੇ 'ਗੁਰਮੁਖਿ ਕਲ ਵਿਚ ਪਰਗਟ ਹੋਆ' ਦੀ ਪੰਗਤੀ ਅੰਦਰ 'ਗੁਰਮੁਖ' ਪਦ ਸਤਿਗੁਰੂ ਨਾਨਕ ਸਾਹਿਬ ਪ੍ਰਥਾਇ ਹੀ ਘਟਾਇਆ ਹੈ।

ਸੋ ਗੁਰਬਾਣੀ ਵਿਚ ਜਿਥੇ ਕਿਤੇ "ਗੁਰਮੁਖਿ ਕੋਟਿ ਉਧਾਰਦਾ ਭਾਈ ਦੇ ਨਾਵੈ ਏਕ ਕਣੀ" ਦੇ ਭਾਵ ਵਾਲੀਆਂ ਤੁਕਾਂ ਆਉਂਦੀਆਂ ਹਨ, ਉਥੇ 'ਗੁਰਮੁਖ' ਕੇਵਲ ਗੁਰੂ ਪ੍ਰਥਾਇ ਹੀ ਘਟਦਾ ਹੈ; ਕਿਸੀ ਇਕ ਗੁਰਸਿਖ ਪ੍ਰਥਾਇ ਕਦਾਚਿਤ ਨਹੀਂ ਘਟਦਾ। ਅਜਿਹੇ ਗੁਰ-ਪ੍ਰਮਾਣਾਂ ਦੇ ਆਸਰੇ ਹੀ ਬਹੁਤ ਸਾਰੇ ਗੁਰੂ-ਡੰਮ ਦਾ ਪਰਪੰਚ ਰਚ ਲੈਂਦੇ ਹਨ ਤੇ ਖ਼ਾਸ ਖ਼ਾਸ ਸ਼ਖ਼ਸੀਅਤ ਵਾਲੇ ਗੁਰਸਿਖਾਂ ਨੂੰ ਨਾਮ ਦੇ ਦਾਤੇ ਪ੍ਰਸਿਧ ਕਰਨ ਲਈ ਉਤਾਵਲੇ ਹੋ ਜਾਂਦੇ ਹਨ। ਇਸ ਤਰ੍ਹਾਂ ਕਰਨਾ ਗੁਰਮਤਿ ਤੇ ਉਲਟ ਹੈ। ਨਾਮ ਦਾ ਦਾਤਾ ਕੇਵਲ ਸਤਿਗੁਰੂ ਹੀ ਹੈ। ਨਾਮ (ਗੁਰਮੰਤ੍ਰ) ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਹਜ਼ੂਰੀ ਵਿਚ ਪੰਜੇ ਪਿਆਰੇ ਹੀ ਅੰਮ੍ਰਿਤਧਾਰੀ ਸਿੰਘ ਨੂੰ ਦੇ ਸਕਦੇ ਹਨ, ਹੋਰ ਕੋਈ ਇਕੱਲਾ ਸਿਖ, ਸਾਧ, ਸੰਤ, ਭਗਤ ਗੁਰਮੁਖ ਨਾਮ ਦੇਣ ਲਈ 'ਉਪਦੇਸ਼ਟਾ ਗੁਰੂ' ਜਾਂ 'ਮੰਜੀ ਗੁਰੂ' ਨਹੀਂ ਹੋ ਸਕਦਾ।

---

## ਧੰਨਵਾਦ

*ਗੁ: ਸ੍ਰੀ ਗੁਰੂ ਸਿੰਘ ਸਭਾ ਰੇਲਵੇ ਰੋਡ ਹੁਸ਼ਿਆਰਪੁਰ ਦੇ ਮੀਤ ਪ੍ਰਧਾਨ ਸ੍ਰ: ਅਵਤਾਰ ਸਿੰਘ ਲਾਲ ਅਤੇ ਸਮੂਹ ਗੁ: ਪ੍ਰਬੰਧਕ ਕਮੇਟੀ ਦਾ ਹਾਰਦਿਕ ਧੰਨਵਾਦ ਹੈ ਜਿਨ੍ਹਾਂ ਨੇ ਸ਼ਹੀਦੀ ਪੁਰਬ ਦੇ ਸਾਲਾਨਾ ਸਮਾਗਮ ਦੌਰਾਨ ਸੂਰਾ ਮਾਸਿਕ ਪੱਤਰ ਦਾ ਸਟਾਲ ਲਗਾਉਣ ਵਿਚ ਸਹਿਯੋਗ ਦੇ ਕੇ ਸੰਗਤਾਂ ਤੱਕ ਗੁਰ ਸ਼ਬਦ ਦੇ ਲੰਗਰ ਪਰੋਸਣ ਵਿਚ ਸੂਰਾ ਸਟਾਫ਼ ਦੀ ਮੱਦਦ ਕੀਤੀ ਹੈ। ਦਾਸਰੇ ਅੱਗੋਂ ਲਈ ਵੀ ਇਸੇ ਤਰਾਂ ਦੇ ਸਹਿਯੋਗ ਦੀ ਆਸ ਕਰਦੇ ਹਨ।*

ਦਾਸਰੇ :- ਸੂਰਾ ਪਰਿਵਾਰ


www.AKJ.Org

# ਗੁਰੂ ਨਾਨਕ ਦੀ ਸਿੱਖੀ ਵਿੱਚ ਕਰਮ ਅਤੇ ਧਰਮ

(ਰਾਜਿੰਦਰ ਸਿੰਘ ਵਿਦਿਆਰਥੀ)

ਮਨੁੱਖੀ ਜੀਵਨ ਦੇ ਦੋ ਵੱਡੇ ਗੁਣ, ਕਰਮ ਅਤੇ ਧਰਮ ਇੱਕ ਦੂਜੇ ਦੇ ਸਹਾਰੇ ਚਲਦੇ ਹਨ। ਜਿਵੇਂ ਪਵਿਤ੍ਰਤਾ ਵਾਲੇ ਧਰਮ ਤੋਂ ਬਿਨਾ ਕੀਤੇ ਕਰਮ ਹਉਮੈਂ ਦੀ ਪੰਡ ਹੀ ਬਣ ਜਾਂਦੇ ਹਨ, ਓਵੇਂ ਹੱਥੀਂ ਕੀਤੇ ਉਪਕਾਰੀ ਕਰਮਾਂ ਤੋਂ ਬਿਨਾਂ ਨਿਭਾਹੇ ਧਰਮ ਕਿਤਾਬੀ ਕਹਾਣੀਆਂ ਵਾਂਙ ਪਰਤੀਤ ਹੁੰਦੇ ਹਨ।

ਇਹ ਮਹਾਨ ਸੱਚਾਈ, ਮਨੁੱਖ-ਮਾਤਰ ਨੂੰ ਦ੍ਰਿੜ ਕਰਾਉਣ ਲਈ ਗੁਰੂ ਨਾਨਕ, ਥਾਂ ਪੁਰ ਥਾਂ, ਦੂਰ ਦੁਰਾਡੇ ਲੰਮੇ ਸਫਰ ਝਾਗ ਕੇ ਵੀ ਜਾਂਦੇ ਰਹੇ। ਆਪ ਜੀ ਦਾ ਪਰਚਾਰ ਢੰਗ ਬੜਾ ਨਿਰਾਲਾ ਅਤੇ ਅਪਣਤ ਭਰਿਆ ਹੁੰਦਾ। ਓਹੁ ਜਿੱਥੇ ਵੀ ਜਾਂਦੇ, ਪਹਿਲਾਂ ਉਥੋਂ ਦੇ ਧਾਰਮਿਕ ਜਾਂ ਭਾਈ-ਚਾਰਕ ਆਗੂਆਂ ਨੂੰ ਮਿਲਕੇ ਕਿਸੇ ਨਾ ਕਿਸੇ ਬਹਾਨੇ ਪਰਸਪਰ ਗਲ-ਬਾਤ ਜਾਂ ਗਿਆਨ-ਗੋਸ਼ਟ ਦਾ ਅਵਸਰ ਬਣਾ ਲੈਂਦੇ। ਥੋੜੇ ਹੀ ਸਮੇਂ ਵਿੱਚ ਉਨ੍ਹਾਂ ਦੀ ਵੀਚਾਰ-ਧਾਰਾ ਨੂੰ ਕੋਈ ਨਵੀਂ ਅਤੇ ਚੰਗੇਰੀ ਸੇਧ ਦੇ ਕੇ ਮਨੋ-ਵਿਰਤੀ ਹੀ ਬਦਲ ਦੇਂਦੇ। ਜਿਸ ਨਾਲ ਉਨ੍ਹਾਂ ਦੀ ਨਵੀਂ ਕਥਣੀ ਅਤੇ ਕਰਣੀ ਤੋਂ ਨਿੱਘੇ ਪਿਆਰ ਅਤੇ ਸਰਬੱਤ ਦੇ ਭਲੇ ਦੀਆਂ ਝਲਕਾਂ ਲੱਸ-ਲੱਸ ਕਰਦੀਆਂ ਦਿੱਸਣ ਲੱਗ ਜਾਂਦੀਆਂ। ਉਨ੍ਹਾਂ ਦੇ ਬਚਨਾਂ ਤੋਂ ਗੁਰੂ ਨਾਨਕ ਵਰਗੇ ਅੰਮ੍ਰਿਤ ਰੱਸ ਦੀ ਫੁਹਾਰ ਹੁੰਦੀ ਪ੍ਰਤੀਤ ਕਰ ਕੇ ਲੋਗ ਸੁਤੇ-ਸਿੱਧ ਹੀ ਉਨ੍ਹਾਂ ਵਾਂਙੂ ਗੁਰੂ ਨਾਨਕ ਮਾਲਾ ਵਿੱਚ ਪਰੋਏ ਜਾਂਦੇ। "ਸਿੱਖ ਅਤੇ ਸਿੱਖੀ" ਦਾ ਅਰੰਭ ਹਰ ਥਾਂ, ਇਸੇ ਪਰਕਾਰ ਹੁੰਦਾ ਰਹਿੰਦਾ। ਹੋਰ ਵੀ ਪਕਿਆਈ ਲਈ ਗੁਰੂ ਦਾਤਾ ਉਥੋਂ ਅਗਲੇ ਪੜਾਅ ਨੂੰ ਜਾਣ ਤੋਂ ਪਹਿਲਾਂ, ਉਨ੍ਹਾਂ ਹੀ ਅਗੇਰਾਂ ਦੀ ਅਗਵਾਈ ਹੇਠ ਧਰਮਸਾਲ ਕਾਇਮ ਕਰ ਜਾਂਦੇ। ਸਤਿਸੰਗਤ ਦੀ ਪਿਰਤ ਵੀ ਨਾਲ ਹੀ ਇੰਝ ਚਾਲੂ ਹੋ ਜਾਂਦੀ।

ਸਤਿਗੁਰ ਕੀ ਸੇਵਾ ਚਾਕਰੀ, ਜੇ ਚਲਹਿ ਸਤਿਗੁਰ ਭਾਇ॥(ਪੰਨਾ ੧੨੪੬)

ਗੁਰ ਕੀ ਸੇਵਾ ਸਬਦੁ ਵੀਚਾਰੁ॥ ਹਉਮੈ ਮਾਰੇ ਕਰਣੀ ਸਾਰੁ॥ (ਪੰਨਾ ੨੨੩)

ਹਿਮਾਲਾ ਪਰਬੱਤ ਪਰ ਲੰਮੀਆਂ ਉਮਰਾਂ ਭੋਗ ਰਹੇ ਸਿੱਧ, ਯੋਗ-ਸਾਧਨਾ ਨੂੰ ਹੀ ਸਰਬ-ਉੱਤਮ ਧਰਮ ਜਾਣ ਉਪਕਾਰੀ ਕਰਮਾਂ ਤੋਂ ਸੱਖਣੇ ਸਗੋਂ ਕਰਾਮਾਤਾਂ ਅਤੇ ਨਾਟਕ ਚੇਟਕਾਂ ਵਿੱਚ ਰੁੱਝੇ ਹੋਏ ਸਨ। ਇਸੇ ਹੰਕਾਰ ਦੇ ਮੱਦ ਵਿੱਚ ਉਨ੍ਹਾਂ ਗੁਰੂ ਨਾਨਕ ਨੂੰ "ਬਾਲਾ" (ਬੱਚਾ) ਕਹਿ ਕੇ ਸੱਦਿਆ ਅਤੇ ਨਾਲ ਹੀ ਗਿਆਨ-ਗੋਸ਼ਟ ਇੱਸ ਮੰਤਵ ਲਈ ਅਰੰਭ ਦਿੱਤੀ ਕਿ ਇੰਝ ਉਨ੍ਹਾਂ ਨੂੰ ਜੋਗ-ਮਤਿ ਵਿੱਚ ਪਰਵਿਰਤ ਕਰ ਲੈਣ। ਐਪਰ ਗੁਰੂ ਜੀ ਤਾਂ ਉਨ੍ਹਾਂ ਲਈ ਕੋਈ ਹੋਰ ਵੀ ਚੰਗੇਰਾ ਸੁਨੇਹਾ ਲੈ ਕੇ ਆਏ ਸੀ। ਉਨ੍ਹਾਂ ਬੜੀ ਮਿਠੱਤ ਭਰੇ ਬਚਨਾਂ ਨਾਲ ਸੱਚ ਦੇ ਸਹੀ ਅਦਰਸ਼ ਸੁਣਾ ਕੇ ਕੇ ਉਲਟ ਯੋਗੀਆਂ ਦੇ ਹਿਰਦੇ ਕੀਲ ਦਿੱਤੇ। ਓਹੁ ਨਿਰੁੱਤਰ ਹੋ ਕੇ ਪਛੋਤਾਏ ਅਤੇ ਅਨੁਭਵ ਕਰਨ ਲੱਗੇ ਕਿ ਇੰਝ ਬਨਵਾਸੀ ਬਣ ਕੇ ਸਾਧਾਰਨ ਤੇ ਸਦਾਚਾਰੀ ਜੀਵਨ ਤੋਂ ਓਹੁ ਚੋਰਾਂ ਵਾਂਙ ਭੱਜ ਕੇ ਪਹਾੜਾਂ ਵਿੱਚ ਲੁਕੇ ਤਾਂ ਬੈਠੇ ਹਨ ਪਰ ਜਗਤ-ਪਿਤਾ ਪਰਮੇਸ਼ਰ ਦੀ ਨਜ਼ਰ ਵਿੱਚ ਦੇਣਦਾਰ ਹੋ ਕੇ ਅਸਲ ਵਿੱਚ ਅਧਰਮੀ ਹੀ ਹਨ।

ਜਤੀ ਸਦਾਵਹਿ ਜੁਗਤਿ ਨ ਜਾਣਹਿ ਛਡਿ ਬਹਹਿ ਘਰ ਬਾਰੁ॥ (ਪੰਨਾ ੪੬੯)

ਦੂਜੇ ਪਾਸੇ ਬਹੁਤ ਕਰਮ-ਕਾਂਡ, ਜੰਤ੍ਰ ਮੰਤ੍ਰ ਅਤੇ ਸ਼ਰੱਆ ਸ਼ਰੀਅੱਤ, ਟੂਣੇ ਤਵੀਤ, ਕਬਰਾਂ ਮਸਾਨਾਂ ਪਰ ਦੀਵੇ ਜਗਾਣੇ, ਇਨ੍ਹਾਂ ਨੂੰ ਹੀ ਧਰਮੀ ਕਰਮ ਦੀ ਸਿੱਖਿਆ ਦੱਸ ਕੇ ਜਨਤਾਂ ਨੂੰ ਸਰਬ-ਸ਼ਕਤੀ-ਮਾਨ ਅਤੇ ਸਰਬ ਵਿਆਪੀ ਈਸ਼ਵਰ ਦੀ ਪ੍ਰੇਮਾ ਭਗਤੀ ਤੋਂ ਵਿਛੋੜਨ ਵਾਲੇ ਪੰਡੇ ਅਤੇ ਮੌਲਾਣੇ ਜਨਤਾ ਨੂੰ ਕੁਰਾਹੇ ਪਾ ਕੇ ਵੀ ਆਦਰ ਮਾਣ ਲੈ ਰਹੇ ਸਨ। ਗੁਰੂ ਜੀ ਨੇ ਉਨ੍ਹਾਂ ਨੂੰ ਵੀ ਮਿਲ ਕੇ ਦੱਸਿਆ ਕਿ ਉਹ ਬੜੇ ਭਿਆਣਕ ਭੁਲੇਖੇ ਵਿੱਚ ਆਪ ਵੀ ਅਤੇ ਹੋਰਨਾਂ ਨੂੰ ਵੀ, ਵੱਡੇ ਸੁਭਾਗ ਨਾਲ ਪ੍ਰਾਪਤ ਹੋਏ ਮਨੁੱਖਾਂ ਜਨਮ ਨੂੰ (ਕਿ ਜਿਸ ਰਾਹੀਂ ਵਾਹਿਗੁਰੂ ਜੀਂ ਨਾਲ ਮਿਲਾਪ ਹੋਣਾ ਸੀ), ਸਗੋਂ ਨਸ਼ਟ ਕਰ ਕੇ ਉਨ੍ਹਾਂ ਦਾ ਆਵਾ ਗਉਣ ਦਾ ਚੱਕਰ ਵਧਾ ਰਹੇ ਹਨ। ਜਿਨ੍ਹਾਂ ਦੇ ਭਾਗ ਚੰਗੇ ਸਨ ਉਨ੍ਹਾਂ ਗੁਰੂ ਦੀ ਮਤਿ ਦੀ ਕਦਰ ਕੀਤੀ ਅਤੇ ਸੱਚੇ ਰੱਬ ਜੀ ਦੀ ਭਗਤੀ ਦੇ ਧਰਮ ਨੂੰ ਕਰਮ-ਕਾਂਡਾਂ ਦੀ ਥਾਂ ਅਪਣਾ ਲਿਆ।

ਧੰਧੈ ਧਾਵਤ ਜਗੁ ਬਾਧਿਆ ਨਾ ਬੂਝੈ ਵੀਚਾਰੁ॥
ਜੰਮਣ ਮਰਣੁ ਵਿਸਾਰਿਆ ਮਨਮੁਖ ਮੁਗਧੁ ਗਵਾਰੁ॥
ਗੁਰਿ ਰਾਖੇ ਸੇ ਉਬਰੇ ਸਚਾ ਸਬਦੁ ਵੀਚਾਰਿ॥ (ਪੰਨਾ ੧੦੧੦)

ਗੁਰੂ ਨਾਨਕ ਦੀ ਸਿੱਖਿਆ ਬੜੀ ਸਿੱਧ-ਪੱਧਰੀ ਅਤੇ ਹਰ ਮਨੁੱਖ ਦੀ ਸਾਧਾਰਨ ਸਮਝ ਅਤੇ ਪਹੁੰਚ ਦੀ ਮੱਦ ਅੰਦਰ ਹੋਣ ਕਰ ਕੇ, ਉਹ ਜਿੱਥੇ ਵੀ ਗਏ, ਜਿੱਸ ਕਿਸੇ ਨੇ ਵੀ ਉਨ੍ਹਾਂ ਦੇ ਰੱਬੀ ਸੁਨੇਹੇ ਸੁਣੇ, ਓਹ ਉਨ੍ਹਾਂ ਦੇ ਪ੍ਰਤਿ-ਘੇਰੇ ਅੰਦਰ ਆ ਢੁਏ। ਉੱਤਰ ਵਿੱਚ ਤਿੱਬਤ ਤੋਂ ਲੈ ਕੇ ਦੱਖਣ ਸੰਗਲਾਦੀਪ (ਲੰਕਾ) ਤੱਕ, ਪੂਰਬ ਵਿੱਚ ਆਸਾਮ ਤੋਂ ਲੈ ਕੇ ਪੱਛਮ ਦੇ ਮੱਕਾ ਮਦੀਨਾ ਅਤੇ ਬਗਦਾਦ, ਹਰ ਥਾਂ ਨਾਨਕ ਨਿਰੰਕਾਰੀ ਜੀ ਦੇ ਵਰੋਸਾਏ ਅਣਗਿਣਤ ਪ੍ਰਾਣੀਆਂ ਨੂੰ ਸੱਚੇ ਮਾਰਗ ਪਰ ਲਿਆਉਣ ਦੀਆਂ ਸਾਖੀਆਂ। ਅਸਥਾਨ ਅਤੇ ਨਿਸ਼ਾਨ ਹਾਲੇ ਤੀਕ ਉਨ੍ਹਾਂ ਦੀ ਪਵਿਤਰ ਯਾਦ ਦਵਾ ਰਹੇ ਹਨ।

ਜਿੱਸ ਤਰਾਂ ਵਾਹਿਗੁਰੂ ਜੀ ਦੇ ਪਿਆਰ ਵਿੱਚ ਮਸਤ ਹੋ, ਗੁਰੂ ਨਾਨਕ ਜੀ ਰੱਬੀ ਸੁਨੇਹੇ, (ਗੁਰਬਾਣੀ) ਮਧੁਰ ਰਾਗ-ਰਾਗਨੀਆਂ ਵਿੱਚ ਸੁਣਾ ਕੇ ਲੋਕਾਂ ਦਾ ਉਧਾਰ ਕਰਦੇ, ਉਨ੍ਹਾਂ ਤੋਂ "ਦੀਵੇ ਨਾਲ ਜੱਗੇ ਦੀਵੇ" ਜੋਤਿ ਸਰੂਪ ਹੋਰ ਨੌਂ ਸਤਿਗੁਰਾਂ ਨੇ ਉੱਸੇ ਮਹਾਨ ਕਾਰਜ ਨੂੰ ਜਾਰੀ ਰੱਖਿਆ। ਗੁਰਮਤਿ ਦੀ ਇਹੀ ਪਰਤੱਖ ਕਰਾਮਾਤ ਹੈ।

ਪ੍ਰਗਟ ਜੋਤਿ ਜਗਮਗੈ, ਤੇਜੁ ਭੂਅ ਮੰਡਲਿ ਛਾਯਉ॥
ਪਾਰਸੁ ਪਰਸਿ, ਪਰਸੁ ਪਰਸਿ ਗੁਰਿ ਗੁਰੂ ਕਹਾਯਉ॥(ਪੰਨਾ ੧੪੦੮)

ਐਨ ਉਸੇ ਹੀ ਮਹਾ-ਰੱਸ ਨੂੰ ਸਦੀਵੀ ਅਤੇ ਸ਼ੁੱਧਤਾ ਨਾਲ ਨਿਪੰਨ ਰੱਖਣ ਲਈ, ਹੁਣ ਸ੍ਰੀ ਗੁਰੂ ਗ੍ਰੰਥ ਸਾਹਿਬ ਨੂੰ ਵੈਸੀ ਹੀ ਵਡਿਆਈ ਪ੍ਰਾਪਤ ਹੈ, ਜੋ ਹਮੇਸ਼ਾ ਰਹੇਗੀ।

ਸਤਿਗੁਰੁ ਮੇਰਾ ਸਦਾ ਸਦਾ ਨਾ ਆਵੈ ਨਾ ਜਾਇ॥
ਓਹੁ ਅਬਿਨਾਸੀ ਪੁਰਖੁ ਹੈ ਸਭ ਮਹਿ ਰਹਿਆ ਸਮਾਇ॥(ਪੰਨਾ ੭੫੯)

ਇਨ੍ਹਾਂ ਤੋਂ ਪਵਿਤਰਤਾ ਭਰੇ ਧਰਮ ਅਤੇ ਸਤਿਵਾਦੀ ਕਰਮਾਂ ਦੀ ਜਾਂਚ ਅਤੇ ਸੁਚੱਜੀ, ਅਗਵਾਈ, ਹਰ ਮਨੁੱਖ ਬਿਨਾ ਕਿਸੇ ਜਾਤ, ਨੱਸਲ, ਰੰਗ, ਊਚ-ਨੀਚ ਦੇ ਭਾਵ-ਭੇਦ ਤੋਂ, ਇੱਕੋ ਪਿਤਾ ਦੇ ਬੱਚਿਆ ਵਾਂਙ ਕਦੇ ਵੀ ਲੈ ਸਕਦਾ ਹੈ।

ਭਨਤਿ ਨਾਨਕੁ ਕਰੇ ਵੀਚਾਰੁ॥ ਸਾਚੀ ਬਾਣੀ ਸਿਉ ਧਰੇ ਪਿਆਰੁ॥
ਤਾ ਕੋ ਪਾਵੈ ਮੋਖ ਦੁਆਰੁ॥ ਜਪੁ ਤਪੁ ਸਭੁ ਇਹੁ ਸਬਦੁ ਹੈ ਸਾਰੁ॥(ਪੰਨਾ ੬੬੧)

## ਨਿਤਨੇਮ ਸਹਿਜ ਪਾਠ ਦਾ

*ਹਾਂ ਜੀ, ਪੰਜ ਬਾਣੀਆਂ ਦਾ ਨਿਤਨੇਮ ਤਾਂ ਗੁਰਮੁਖਿ ਪਿਆਰੇ ਕਰਦੇ ਹੀ ਹਨ। ਪਰ ਕਿੰਨਾ ਚੰਗਾ ਹੋਵੇ ਜੇਕਰ ਸਾਡੇ ਘਰ ਵਿਚ ਗੁਰਬਾਣੀ ਦੇ ਸ਼ਬਦਾਰਥ (4ਭਾਗ) ਜਾਂ ਦਰਪਣ-ਸਟੀਕ (10 ਭਾਗ ਪ੍ਰੋਫੈਸਰ ਸਾਹਿਬ ਸਿੰਘ) ਹੋਵੇ ਅਤੇ ਅਸੀਂ ਹਰ ਰੋਜ਼ ਗੁਰਬਾਣੀ ਦੇ ਅਥਾਹ ਸਮੁੰਦਰ ਵਿਚੋਂ ਦੋ-ਚਾਰ ਪੰਨਿਆਂ ਦਾ ਸਹਿਜ ਪਾਠ ਕਰੀਏ ਅਤੇ ਅਰਥ ਵੀ ਵਿਚਾਰੀਏ।*

*ਪੰਥ ਪ੍ਰਵਾਨਤ ਸਿੱਖ ਰਹਿਤ ਮਰਯਾਦਾ ਵਿਚ ਦਰਜ਼ ਹੈ ਕਿ ਹਰ ਸਿੱਖ ਨੂੰ ਸਹਿਜ ਪਾਠ ਕਰਨਾ ਚਾਹੀਏ । ਕਿੰਨਾ ਚੰਗਾ ਹੋਵੇ ਜੇਕਰ ਸਹਿਜ ਪਾਠ ਕੇਵਲ ਇੱਛਕੁ ਨਾ ਹੋਣ ਕਿ ਸਾਡੇ ਰੋਜ਼ਾਨਾ ਜੀਵਨ ਦਾ ਲਾਜ਼ਮੀ* **(Compulsary)** *ਭਾਗ ਬਣ ਜਾਵੇ।*

*ਬੜਾ ਹੀ ਬਿਲਾਵਲ (ਅਨੰਦ) ਪ੍ਰਾਪਤ ਹੁੰਦੈ, ਆਰੰਭ ਕਰਕੇ ਤਾਂ ਵੇਖੀਏ ਜੀਓ।*

*ਪੰਥ ਦੀਆਂ ਜਥੇਬੰਦੀਆਂ ਤੇ ਅਦਾਰੇ ਆਪੋ ਆਪਣੇ ਇਲਾਕੇ ਦੀਆਂ ਸੰਗਤਾਂ ਨੂੰ ਪ੍ਰੇਰਣਾ ਕਰਨ। ਸਹਿਜ ਪਾਠ ਦਾ ਨਿਤਨੇਮ ਸਾਡਾ ਜੀਵਨ ਰੁਸ਼ਨਾ ਦਏਗਾ-ਹਾਂ ਜੀਓ, ਹਾਂ ਜੀਓ।*

ਰੇਣੁਕਾ ਸਰਬਜੀਤ ਸਿੰਘ


www.AKJ.Org

# ਖੈਰੁ ਦੀਜੈ ਬੰਦਗੀ (ਫਰੀਦ ਜੀ)

(ਪ੍ਰੋ: ਸਾਹਿਬ ਸਿੰਘ ਜੀ)

ਪਰਮਾਤਮਾ ਦੇ ਦਰ ਤੇ ਅਸੀਂ ਕਈ ਲੋੜਾਂ ਦੀ ਖ਼ਾਤਰ ਅਰਦਾਸਾਂ ਕਰਦੇ ਹਾਂ। ਜੇ ਅਸੀਂ ਇਹਨਾਂ ਲੋੜਾਂ-ਅਨੁਸਾਰ ਵੰਡ ਕਰੀਏ ਤਾਂ ਸਾਡੀਆਂ ਅਰਦਾਸਾਂ ਦੀਆਂ ਮੋਟੀਆਂ ਮੋਟੀਆਂ ਤਿੰਨ ਕਿਸਮਾਂ ਹੋ ਸਕਦੀਆਂ ਹਨ:

(੧) ਆਤਮਕ ਗੁਣਾਂ ਦੀ ਪ੍ਰਾਪਤੀ ਵਾਸਤੇ, ਜਿਨ੍ਹਾਂ ਦਾ ਵਾਹ ਨਿਰੋਲ ਸਾਡੇ ਆਤਮਾ ਨਾਲ ਪੈਣਾ ਹੈ।

(੨) ਦੂਜਿਆਂ ਦੇ ਭਲੇ ਵਾਸਤੇ।

(੩) ਦੁਨਿਆਵੀ ਪਦਾਰਥਾਂ ਵਾਸਤੇ।

ਥੋੜੀ ਜਿਹੀ ਵਿਚਾਰ ਨਾਲ ਹੀ ਇਹ ਨਿਸਚਾ ਹੋ ਜਾਂਦਾ ਹੈ ਕਿ ਇਹ ਤਿੰਨਾਂ ਕਿਸਮਾਂ ਦੀਆਂ ਅਰਜ਼ਾਂ ਇਕੋ ਜਿਹੀਆਂ ਹੀ ਪਰਮਾਤਮਾ ਦੀ 'ਰਜ਼ਾ' ਦੇ ਅਨੁਸਾਰ ਨਹੀਂ ਹੋ ਸਕਦੀਆਂ। ਠੀਕ ਇਉਂ ਜਾਪਦਾ ਹੈ ਕਿ ਦੁਨਿਆਵੀ ਪਦਾਰਥਾਂ ਨਾਲੋਂ ਆਤਮਕ ਗੁਣਾਂ ਦੀ ਪ੍ਰਾਪਤੀ ਵਾਸਤੇ ਕੀਤੀਆਂ ਅਰਜ਼ੋਈਆਂ ਪਰਮਾਤਮਾ ਦੀ 'ਰਜ਼ਾ' ਦੇ ਵਧੀਕ ਅਨੁਸਾਰ ਹਨ, ਕਿਉਂਕਿ ਉਤਨੇ ਉਤਨੇ ਹੀ ਉੱਚੇ ਆਤਮਕ ਗੁਣ ਦੀ ਖ਼ਾਤਰ ਅਸੀਂ ਅਰਦਾਸ ਕਰ ਸਕਦੇ ਹਾਂ, ਜਿਤਨੀ ਕੁ ਸਾਨੂੰ ਪਰਮਾਤਮਾ ਦੀ 'ਰਜ਼ਾ' ਦੀ ਸਮਝ ਪੈਂਦੀ ਜਾਏ। ਜਿਉਂ ਜਿਉਂ ਰੱਬੀ ਪਿਆਰ ਦੇ ਤਰੰਗ ਸਾਡੇ ਅੰਦਰ ਉਠਦੇ ਹਨ, ਤਿਉਂ ਤਿਉਂ ਉਮਾਹ ਵਿਚ ਆ ਕੇ ਅਸੀਂ ਇਸ ਪਿਆਰ ਨਾਲ ਸਬੰਧ ਰੱਖਣ ਵਾਲੇ ਗੁਣਾਂ ਦੀ ਪ੍ਰਾਪਤੀ ਦੀ ਤਾਂਘ ਕਰਦੇ ਹਾਂ।

ਪਰ ਜਦੋਂ ਦੁਨੀਆਂ ਦੇ ਪਦਾਰਥ ਮੰਗਦੇ ਹਾਂ, ਤਦੋਂ ਕੋਈ ਅਜਿਹੀ ਪ੍ਰੇਰਨਾ ਸਾਡੇ ਅੰਦਰੋਂ ਨਹੀਂ ਉਠਦੀ। ਉਵ ਪਰਮਾਤਮਾ ਪਾਸੋਂ ਦੁਨਿਆਵੀ ਪਦਾਰਥ ਮੰਗਣ ਵਿਚ ਕੋਈ ਮਾੜ ਨਹੀਂ, ਅਸੀਂ ਉਸ ਦੇ ਬੱਚੇ ਹਾਂ, ਬੱਚਿਆਂ ਨੇ ਮਾਪਿਆਂ ਤੋਂ ਹੀ ਮੰਗਣਾ ਹੈ। ਪਰ ਜਿਵੇਂ ਅਸੀਂ ਆਪਣੇ ਬਾਲਾ ਦਾ ਭਲਾ ਸੋਚ ਕੇ ਉਹਨਾਂ ਦੀ ਹਰੇਕ ਮੰਗ ਪੂਰੀ ਨਹੀਂ ਕਰਦੇ, ਤਿਵੇਂ ਪ੍ਰਭੂ-ਪਿਤਾ ਦੇ ਇਹ ਵੇਖੇ ਕਿ ਸਾਡੀ ਫਲਾਣੀ ਮੰਗ ਸਾਡੀ ਆਤਮਕ ਉੱਨਤੀ ਦੇ ਰਾਹ ਵਿਚ ਰੁਕਾਵਟ ਪਾਂਦੀ ਹੈ ਤਾਂ ਉਹ ਪੂਰੀ ਨਹੀਂ ਕਰਦਾ।

ਹਾਂ, ਜਦੋਂ ਅਸੀਂ ਆਤਮਕ ਗੁਣਾਂ ਦੀ ਦਾਤ ਮੰਗਦੇ ਹਾਂ ਤਾਂ ਆਮ ਤੌਰ ਤੇ ਸਾਨੂੰ ਇਹ ਨਿਸਚਾ ਰਹਿਣਾ ਚਾਹੀਦਾ ਹੈ ਕਿ ਅਸੀਂ ਪਰਮਾਤਮਾ ਦੀ ਰਜ਼ਾ ਦੇ ਅਨੁਕੂਲ ਹੀ ਮੰਗ ਰਹੇ ਹਾਂ। ਗੁਰਬਾਣੀ ਵਿਚੋਂ ਸਾਨੂੰ ਪਤ ਲਗਦਾ ਹੈ ਕਿ 'ਸਿਮਰਨ' ਦੀ ਖ਼ਾਤਰ ਇਹ ਜਗਤ ਰਚਿਆ ਗਿਆ ਹੈ ਤੇ 'ਸਿਮਰਨ' ਦੇ ਆਸਰੇ ਉੱਚੇ ਆਤਮਕ ਗੁਣ ਮਿਲਦੇ ਹਨ- *ਹਰਿ ਸਿਮਰਨਿ ਧਾਰੀ ਸਭ ਧਰਨਾ।*

ਮਾਲਕ ਦੀ ਆਪਣੀ ਰਜ਼ਾ ਹੈ ਕਿ ਸਾਡੇ ਹਿਰਦੇ ਨੂੰ ਸ਼ੁਭ ਗੁਣਾਂ ਨਾਲ ਸੁੱਚਾ ਬਣਾਏ। ਮਨੁੱਖ ਦਾ ਹਿਰਦਾ ਪਰਮਾਤਮਾ ਦਾ ਖ਼ਾਸ 'ਮੰਦਰ' ਹੈ, ਇਸ 'ਮੰਦਰ' ਨੂੰ ਸੁੱਚਾ ਰੱਖਣਾ ਹੀ ਉਸ ਦੀ ਰਜ਼ਾ ਹੈ। ਭਾਈ ਨੰਦ ਲਾਲ ਜੀ ਲਿਖਦੇ ਹਨ-

ਨ ਦਾਨਸਤੇਮ ਅਜ਼ ਰੋਜ਼ੇ ਅਜ਼ਲ ਈਂ ਨਕਸ਼ੇ ਆਦਮ ਰਾ।
ਕਿ ਨੱਕਾਸ਼ ਅਜ਼ ਬਰਾਏ ਬੂਦਨੇ ਖ਼ੁਦ ਖ਼ਾਨਹ ਮੇ ਸਾਜ਼ਦ।

ਇਹ 'ਘਰ' ਜਿਤਨਾ ਹੀ ਪਵਿੱਤਰ ਹੋ ਸਕੇ, ਉਸਦੀ ਪ੍ਰਸੰਨਤਾ ਹੈ।

ਸੋ, ਜਦੋਂ ਮੈ ਆਤਮਕ ਗੁਣਾ ਦੀ ਪ੍ਰਾਪਤੀ ਅਤੇ ਆਤਮਾ ਦੀ ਪਵਿੱਤਰਤਾ ਵਾਸਤੇ ਅਰਜ਼ੋਈ ਕਰਦਾ ਹਾਂ, ਮੇਰੇ ਮਨ ਵਿਚ ਇਹ ਨਿਸਚਾ ਹੈ ਕਿ ਮੈਂ ਪਰਮਾਤਮਾ ਦੀ ਰਜ਼ਾ ਦੇ ਅਨੁਕੂਲ ਹੀ ਮੰਗਦਾ ਹਾਂ। ਇੱਥੇ ਤਾ ਕਦੇ ਕਿਸੇ ਰੁਕਾਵਟ ਦਾ ਮੈਨੂੰ ਖ਼ਿਆਲ ਭੀ ਨਹੀਂ ਆਉਂਦਾ। ਪਰ ਇਹ ਵਿਚਾਰ ਕੇ ਹੈਰਾਨੀ ਆਉਂਦੀ ਹੈ ਕਿ ਜੇ ਇਹ ਅਰਜ਼ ਰਜ਼ਾ ਅਨੁਕੂਲ ਹੈ ਤਾਂ ਇਸ ਦੇ ਸਫਲ ਹੋਣ ਵਿਚ ਕਿਉਂ ਢਿਲ ਹੁੰਦੀ ਹੈ, ਅਰਜ਼ੋਈ ਕਰਦਿਆ ਹੀ ਮੈਂ ਉੱਚ-ਆਤਮਾ ਕਿਉਂ ਨਹੀਂ ਹੋ ਜਾਂਦਾ ?

ਇਸ ਨਿਰੋਲ ਆਤਮਕ ਉੱਨਤੀ ਦੀ ਦਾਤ ਦੀ ਪ੍ਰਾਪਤੀ ਭੀ ਸਹਿਜੇ ਸਹਿਜੇ ? ਇੱਥੇ ਭੀ ਇਹੀ ਹੁਕਮ


www.AKJ.Org

ਕਿ ਜਿਵੇਂ ਜ਼ਿਮੀਦਾਰ ਨੇ ਸਾਰਾ ਸਾਲ ਮਿਹਨਤ ਕਰ ਕੇ ਬੜੀ ਘਾਲ ਪਿੱਛੋਂ ਫਲ ਦਾ ਮੂੰਹ ਤੱਕਣਾ ਹੈ ਤਿਵੇਂ ਆਤਮਕ ਕਿਰਸਾਨ ਨੇ ਭੀ ਬੜੀ ਘਾਲ ਘਾਲ ਕੇ ਆਤਮਕ ਪ੍ਰਫੁੱਲਤਾ ਹਾਸਲ ਕਰਨੀ ਹੈ:

ਮਨੁ ਹਾਲੀ, ਕਿਰਸਾਣੀ ਕਰਣੀ, ਸਰਮੁ ਪਾਣੀ, ਤਨੁ ਖੇਤੁ॥
ਨਾਮੁ ਬੀਜੁ; ਸੰਤੋਖੁ ਸੁਹਾਗਾ, ਰਖੁ ਗਰੀਬੀ ਵੇਸੁ॥
ਭਾਉ ਕਰਮੁ ਕਰਿ ਜੰਮਸੀ, ਸੇ ਘਰ ਭਾਗਠ ਦੇਖੁ॥੧॥੨॥ (ਸੋਰਠਿ ਮ: ੧)

ਆਤਮਕ ਬਰਕਤਾਂ ਦੀ ਬਾਬਤ ਭੀ ਇਹ ਖ਼ਿਆਲ ਗ਼ਲਤ ਹੈ ਕਿ ਨਿਰਾ ਮੰਗੇ ਤੇ ਤੁਰੰਤ ਮਿਲ ਜਾਣਗੀਆਂ। ਇਹ ਕਾਫੀ ਨਹੀਂ ਕਿ ਇਹ ਅਰਜ਼ੋਈ ਰਜ਼ਾ-ਅਨੁਕੂਲ ਹੈ, ਇਸ ਤੋਂ ਅਗਾਂਹ ਹੋਰ ਲੋੜ ਹੈ ਕਿ ਇਸ 'ਰੱਜ਼ਾ' ਦਾ ਵੇਰਵੇ ਨਾਲ 'ਗਿਆਨ' ਹੋਵੇ। ਇਨਸਾਨੀ ਜ਼ਿੰਦਗੀ ਨੂੰ ਕਿਨ੍ਹਾ ਲੀਹਾਂ ਵਿਚ ਪਰਮਾਤਮਾ, ਉੱਚਾ ਕਰਨਾ ਲੋੜਦਾ ਹੈ- ਇਹ 'ਗਿਆਨ' ਭੀ ਹਾਸਲ ਹੋਵੇ, ਤਦੋਂ ਮਿਹਰ ਦਾ ਦਰਵਾਜ਼ਾ ਖੁਲ੍ਹਦਾ ਹੈ:

ਗਿਆਨ ਰਾਉ ਜਬ ਸੇਜੈ ਆਵੈ, ਤ ਨਾਨਕ ਭੋਗੁ ਕਰੇਈ।

ਉੱਦਮ, ਉੱਚਾ ਆਚਰਨ, ਸਿਮਰਨ, ਸੰਤੋਖ, ਸਾਦਗੀ-ਅਜਿਹ ਸਾਰੇ ਗੁਣ ਪਰਗਟ ਹੋਦ ਤਾਂ 'ਪ੍ਰੇਮ' ਦੀ ਦਾਤ ਮਿਲਦੀ ਹੈ।

ਪਰਮਾਤਮਾ ਨੇ ਇਖ਼ਲਾਕ ਦੀ ਮਸ਼ੀਨਰੀ ਜਗਤ ਵਿਚ ਬੜੀ ਗੁੰਝਲਦਾਰ ਬਣਾਈ ਹੈ, ਇਸ ਸਾਰੀ ਮਸ਼ੀਨਰੀ ਦੀ ਆਖ਼ਰੀ ਘਾੜਤ ਹੈ 'ਪ੍ਰੇਮ' 'ਆਤਮ-ਪਵਿੱਤਰਤਾ'। ਜਦੋਂ ਮੈਂ ਇਹ ਅਰਦਾਸ ਕਰਦਾ ਹਾਂ ਕਿ ਹੇ ਪ੍ਰਭੂ ! ਮੇਰੀ ਅਰਜ਼ ਸੁਣਦਿਆਂ ਹੀ ਮੈਨੂੰ ਇਹ ਦਾਤ ਬਖਸ਼ ਦੇ, ਤਾਂ ਮੇਰੀ ਅਰਜ਼ ਦਾ ਸਾਰ ਇਹ ਹੈ ਕਿ ਇਹ ਸਾਰੀ ਇਖ਼ਲਾਕ ਦੀ ਮਸ਼ੀਨਰੀ ਵਰਤਣ ਤੋਂ ਬਿਨਾਂ ਹੀ ਮੇਰਾ ਕੰਮ ਰਾਸ ਮਰ ਦੇਹ; ਦੂਜੇ ਲਫ਼ਜ਼ਾਂ ਵਿਚ, ਕਿ ਤੂੰ ਜੋ ਜੀਵਾਂ ਦੀ ਆਤਮ-ਘਾੜਤ ਵਾਸਤੇ ਇਹ ਮਸ਼ੀਨਰੀ ਬਣਾਈ ਹੋਈ ਹੈ, ਮੈਨੂੰ ਇਸ ਸਾਂਚੇ ਵਿਚ ਢਲਣ ਦੀ ਖੇਚਲ ਤੋਂ ਬਚਾ ਲੈ ਤੇ ਆਪਣੀ ਇਸ ਰਜ਼ਾ ਨੂੰ ਉਲਟਾ ਦੇਹ। ਸੋ, ਸਾਡੀ ਮੰਗ ਰਜ਼ਾ-ਅਨੁਸਾਰ ਹੁੰਦਿਆਂ ਭੀ, ਅਸੀਂ ਤਰੀਕਾ ਉਹ ਚਾਹੁੰਦੇ ਹਾਂ ਜੋ ਰਜ਼ਾ ਦੇ ਉਲਟ ਹੈ। ਹੁਕਮ ਤਾਂ ਇਹ ਹੈ-

ਸੰਮਨ ਜਉ ਇਸੁ ਪ੍ਰੇਮ ਕੀ ਦਮ ਕਿਹੁ ਹੋਤੀ ਸਾਟ।
ਰਾਵਨ ਹੁਤੇ ਸੁ ਰੰਕ ਨਹਿ ਜਿਨਿ ਸਿਰ ਦੀਨੇ ਕਾਟਿ।

ਇਨਸਾਨੀ ਇਖ਼ਲਾਕ ਦੀ ਮਸ਼ੀਨਰੀ ਆਤਮ-ਘਾੜਤ ਵਾਸਤੇ ਅੱਤ ਜ਼ਰੂਰੀ ਹੈ। ਜਦੋਂ ਆਤਮ-ਘਾੜਤ ਵਾਸਤੇ ਅਰਦਾਸ ਕਰਦਾ ਹਾਂ, ਸੁਤੇ ਹੀ ਉਸ ਅਪਦਾਸ ਦਾ ਭਾਵ ਇਹ ਹੈ ਕਿ ਹੇ ਪ੍ਰਭੂ ! ਇਸ ਮਸ਼ੀਨਰੀ ਸਿਰੋਂ ਲੰਘਾ ਕੇ ਮੇਰੀ ਨਵੀਂ ਘਾੜਤ ਘੜ।

ਬਾਲਕ ਨੇ ਵਿੱਦਿਆ ਸਿੱਖਣ ਤੋਂ ਬਿਨਾ ਗਿਆਨਵਾਨ ਨਹੀਂ ਬਣ ਜਾਣਾ। ਸਤਿਗੁਰੂ ਨੇ ਬੰਦਿਆਂ ਵਾਸਤੇ ਪਾਠ-ਸ਼ਾਲਾ ਬਣਾ ਦਿੱਤੀ ਹੈ ਜਿਸ ਵਿਚੋਂ ਸਹਿਜੇ ਸਹਿਜੇ ਮਿਹਨਤ ਨਾਲ 'ਹਰਿ-ਗੁਣ' ਸਿਖਣੇ ਹਨ:

ਸਤ ਸੰਗਤਿ ਸਤਿਗੁਰ ਚਟਸਾਲ ਹੈ ਜਿਤੁ ਹਰਿ ਗੁਣ ਸਿਖਾ॥

ਜਦੋਂ ਅਸੀਂ ਇਸ ਤਸਵੀਰ ਦਾ ਦੂਜਾ ਪਾਸਾ ਵੇਖਦੇ ਹਾਂ ਤਾਂ ਇਹ ਗੱਲ ਹੋਰ ਭੀ ਗੁੰਝਲਦਾਰ ਬਣ ਜਾਂਦੀ ਹੈ। ਇਹ ਗੱਲ ਤਾਂ ਭਲਾ ਸਮਝ ਲਈ ਕਿ ਪਰਮਾਤਮਾ ਦੀ ਰਜ਼ਾ ਅਨੁਸਾਰ ਮਨੁੱਖ ਨੇ ਪੂਰਨ ਮਨੁੱਖਤਾ ਸਹਿਜੇ ਸਹਿਜੇ ਹਾਸਲ ਕਰਨੀ ਹੈ,• ਤੇ ਇਸ ਦੇ ਅੰਦਰੋਂ ਅਧੂਰਾ-ਪਨ ਭੀ ਸਹਿਜੇ ਸਹਿਜੇ ਹੀ ਦੂਰ ਹੋਣਾ ਹੈ; ਪਰ ਕੀ ਇਹ ਭੀ ਪਰਮਾਤਮਾ ਦੀ ਹੀ ਰਜ਼ਾ ਹੈ ਕਿ ਅਸੀਂ ਪਾਪ ਕਰੀ ਹੀ ਜਾਈਏ; ਭਾਵੇਂ ਪਾਪ ਤੋਂ ਬਚਣ ਵਾਸਤੇ ਉਸ ਦੇ ਦਰ ਦੇ ਕਿਤਨੇ ਹੀ ਤਰਲੇ ਕਰੀਏ ? 'ਪੂਰਨਤਾ' ਤਾਂ ਬੇਸ਼ੱਕ ਚਿਰਾਕੀ ਹੀ ਆਵੇ, ਪਰ ਮੇਰੀ ਇਕ ਤਰਲੇ-ਭਰੀ ਅਰਦਾਸ ਨਾਲ ਮੈਨੂੰ 'ਪਾਪ' ਤੋਂ ਕਿਉਂ ਖ਼ਲਾਸੀ ਨਹੀਂ ਮਿਲਦੀ ?

ਜੋ ਪਾਪ ਕਰਮ ਮਾੜਾ ਹੈ ਤਾ ਪਰਮਾਤਮਾ ਨੂੰ ਤਾਂ ਇਹ ਬਹੁਤ ਹੀ ਮਾੜਾ ਲੱਗਦਾ ਹੋਵੇਗਾ। ਇਹ ਉਸ ਦੀ 'ਰਜ਼ਾ' ਦੇ ਅਨੁਕੂਲ ਹੀ ਹੋਵੇਗਾ ਕਿ ਮੈਨੂੰ ਉਹ ਪਾਪ-ਕਰਮ ਤੋਂ ਖ਼ਲਾਸੀ ਦਿਵਾਏ। ਜੇ ਮੈਂ ਪਹਿਲਾ 'ਚੋਰੀ' ਕਰਦਾ ਰਿਹਾ ਹਾਂ; ਤੇ ਫਿਰ ਕਿਸੇ ਤਰ੍ਹਾਂ ਮੈਨੂੰ ਇਹ ਸਮਝ ਆ ਗਈ ਹੈ ਕਿ ਇਹ ਕਰਮ ਮਾੜਾ


www.AKJ.Org

ਹੈ, ਇਹ ਕੁਦਰਤੀ ਗੱਲ ਹੈ ਮੈਂ ਪ੍ਰਭੂ-ਦਰ ਤੇ ਅਰਦਾਸ ਕਰਾਂਗਾ-ਪਾਤਸ਼ਾਹ । ਮੈਨੂੰ ਚੋਰੀ ਕਰਨ ਤੋਂ ਬਚਾ। ਇਹ ਗੱਲ ਤਾਂ ਬੜੀ ਹਾਸੋ-ਹੀਣੀ ਹੈ ਜੇ ਮੈਂ ਅਰਜ਼ੋਈ ਕਰਾਂ ਕਿ ਮੈਨੂੰ 'ਸਹਿਜੇ ਸਹਿਜੇ' ਚੋਰੀ ਕਰਨ ਤੋਂ ਬਚਾ।

ਓਪਰੀ ਨਜ਼ਰੇ ਇਹ ਗੱਲ ਤਾਂ ਠੀਕ ਜਾਪਦੀ ਹੈ ਕਿ 'ਪੂਰਨ ਮਨੁੱਖਤਾ' ਭਾਵੇਂ ਚਿਰਾਕੀ ਨਸੀਬ ਹੋਵੇ, ਪਰ 'ਮੰਦ ਕਰਮ' ਕਰਨ ਤੋਂ ਖਲਾਸੀ ਤੁਰਤ ਮਿਲ ਜਾਣ ਵਿਚ ਪਰਮਾਤਮਾ ਨੂੰ ਕਿਉਂ ਇਤਰਾਜ਼ ਹੈ।

ਰਤਾ ਗਹੁ ਨਾਲ ਸੋਚਿਆ ਇਕ ਔਖਿਆਈ ਆ ਪੈਂਦੀ ਹੈ, ਇਹਨਾਂ ਦੋਹਾਂ 'ਹਾਲਤਾਂ' ਵਿਚ ਫ਼ਰਕ ਲੱਭਣਾ ਬੜਾ ਮੁਸ਼ਕਲ ਹੈ। 'ਭਲਾਈ ਵਾਲੇ ਪਾਸੇ ਤਰੱਕੀ ਕਰਨੀ' ਅਤੇ 'ਮੰਦੇ ਪਾਸੇ ਵਲੋਂ ਹਟਣਾ' ਅਸਲ ਵਿਚ ਇਹ ਇਕੋ ਹੀ ਮਾਨਸਿਕ ਅਵਸਥਾ' ਹੈ; ਅਸੀਂ ਸਿਰਫ਼ ਇਸ ਨੂੰ ਦੋ ਪਾਸਿਆਂ ਵਲੋਂ ਵੇਖ ਰਹੇ ਹਾਂ। ਭਲਾ, ਜੇ ਆਖੀਏ 'ਧੀਰਜ ਨਾਲ ਬੈਠ', ਜਾਂ 'ਉਤਾਵਲਾ-ਪਨ ਛੱਡ'-ਇਹਨਾਂ ਦੋਹਾਂ ਵਿਚ ਕੋਈ ਫ਼ਰਕ ਨਹੀਂ ਹੈ, ਮਾਨਸਿਕ ਤਸਵੀਰ ਉਹੀ ਹੈ, 'ਸਿਰਫ਼ ਦੇ ਵਖੋ- ਵੱਖ ਨੁੱਕਰਾਂ ਤੋਂ ਵੇਖੀ ਗਈ ਹੈ। ਜੇ ਮੈਂ 'ਉਤਾਵਲਾ-ਪਨ' ਛੱਡ ਦਿੱਤਾ ਹੈ, ਤਾਂ ਅਮਲੀ ਜੀਵਨ ਵਿਚ ਮੈਂ 'ਧੀਰਜ' ਦਾ ਗੁਣ ਹਾਸਲ ਕਰ ਲਿਆ ਹੈ। ਜੇ ਮੈਂ ਹਰ ਪਾਸਿਓਂ ਇਖ਼ਲਾਕ ਦੀ ਹੱਤ ਟੱਪਣ ਤੋਂ ਆਪਣੇ ਆਪ ਨੂੰ ਬਚਾ ਲਿਆ ਹੈ, ਤਾ ਦੂਜੇ ਲਫ਼ਜ਼ਾਂ ਵਿਚ, ਮੈ 'ਮਨ ਜਿੱਤਣ' ਦਾ ਗੁਣ ਪ੍ਰਾਪਤ ਕਰ ਲਿਆ ਹੈ।

ਗੁਰਬਾਣੀ ਵਿਚ ਅਸੀਂ ਇਹੋ ਜਿਹੇ ਹੁਕਮ ਕਈ ਥਾਂ ਤੇ ਪੜ੍ਹਦੇ ਹਾਂ :

ਕਬੀਰ ਜੇ ਤੁਹਿ ਸਾਧ ਪਿਰੰਮ ਕੀ, ਸੀਸੁ ਕਾਟਿ ਕਰਿ ਗੋਇ।
ਖੇਲਤ ਖੇਲਤ ਹਾਲ ਕਰਿ, ਜੋ ਕਿਛੁ ਹੋਇ ਸੁ ਹੋਇ।

ਭਾਈ ਨੰਦ ਲਾਲ ਸਾਹਿਬ ਭੀ ਲਿਖਦੇ ਹਨ :

ਮਨਜ਼ਲੇ ਇਸ਼ਕ ਦਰਾਜ਼ ਅਸਤ ਬ-ਪਾ ਨ ਤਵਾਂ ਰਫ਼ਤ,
ਸਰ ਕਦਮ ਸਾਜ਼ ਕਿ ਤਾਂ ਦਰ ਰਹੇ ਆਂ ਯਾਰ ਰਵੀ।

'ਪੂਰਨ ਮਨੁੱਖਤਾ' ਤੇ ਅੱਪੜਨ ਵਾਸਤੇ 'ਆਪਾ' ਵਾਰਨਾ ਪਏਗਾ। ਇਸ ਸਫ਼ਰ ਵਿਚ ਕਈ ਥਾਈਂ ਮਨ ਕਈ ਸੋਹਣਿਆਂ ਪੜਾਵਾਂ ਤੇ ਅਟਕਣ ਨੂੰ ਲੋਚੇਗਾ, ਮਾਇਆ ਦੇ ਕਈ ਕੌਤਕ ਇਸ ਨੂੰ ਭਰਮਾਉਣਗੇ, ਪਰ ਇਹਨਾਂ ਤੋਂ ਬਚਿਆਂ ਹੀ ਨਿਸ਼ਾਨੇ ਤੇ ਪਹੁੰਚ ਹੋ ਸਕੇਗੀ। ਅਸੀਂ ਆਮ ਤੌਰ ਤੇ ਆਪਣੀ ਸਿਆਣਪ ਤੇ ਅਕਲ ਦੀ ਟੇਕ ਧਾਰ ਲੈਂਦੇ ਹਾਂ, ਮਨੁੱਖਤਾ ਦੇ ਨਿਸ਼ਾਨੇ ਤੇ ਅੱਪੜਨ ਵਿਚ ਇਹ ਹੀ ਵੱਡੀ ਰੁਕਾਵਟ ਸਾਬਤ ਹੁੰਦੀ ਹੈ। ਪਰ ਜਦੋਂ ਕਿਸੇ ਵਿਕਾਰ ਵਿਚ ਠੇਡਾ ਖਾ ਕੇ ਡਿਗਦੇ ਹਾਂ, ਤਦੋਂ ਦਰ ਤੇ ਜ਼ਾਰੀ ਕਰਦੇ ਹਾਂ, ਤਰਲੇ ਲੈਂਦੇ ਹਾਂ ਤੇ ਆਪਣੀ ਹਾਰ ਤੇ ਪਛਤਾਂਦੇ ਹਾਂ। ਉਸ ਵੇਲੇ ਸ਼ਰਮਿੰਦੇ ਹੁੰਦੇ ਹਾਂ ਕਿ ਆਪਣੀ ਅਕਲ ਦਾ ਆਸਰਾ ਉਸ ਦੀ ਰਹਿਮਤ ਦੇ ਪ੍ਰਵਾਹ ਤੋਂ ਵਿਛੋੜ ਰਿਹਾ ਸੀ। ਸੋ, ਜਿਉਂ ਜਿਉਂ ਠੇਡੇ ਖਾਂਦੇ ਹਾਂ, ਤਿਉਂ ਤਿਉਂ ਪ੍ਰਭੂ ਦੇ ਦਰ ਤੇ ਅਰਜ਼ੋਈ ਕਰਨ ਦੀ ਵਧੀਕ ਲੋੜ ਜਾਪਦੀ ਹੈ, ਤਿਉਂ ਤਿਉਂ ਆਪਣੀ ਅਕਲ ਦਾ ਮਾਣ-ਤਾਣ ਟੁੱਟਦਾ ਹੈ। ਇਹੀ ਹੈ, 'ਉਸ ਦੇ ਰਾਹ ਤੇ ਸਿਰ-ਭਾਰ ਤੁਰਨਾ', ਇਹੀ ਹੈ 'ਸਿਰ ਤਲੀ ਤੇ ਧਰਨਾ'।

ਜਦੋਂ ਅਸੀਂ ਚਾਹੁੰਦੇ ਹਾਂ ਕਿ ਸਾਨੂੰ ਇਕੋ ਵਾਰੀ ਵਿਕਾਰਾਂ ਤੋਂ ਖਲਾਸੀ ਮਿਲ ਜਾਏ, ਤਾਂ ਅਸਲ ਵਿਚ ਅਸੀਂ 'ਸਿਰ-ਭਾਰ ਤੁਰਨ' ਦੇ ਸੋਹਣੇ ਵਸੀਲੇ ਤੋਂ ਲਾਭ ਉਠਾਉਣਾ ਨਹੀਂ ਚਾਹੁੰਦੇ। ਪਰ ਜਿਸ ਨੇ ਜੀਵਾਂ ਦੇ ਭਲੇ ਵਾਸਤੇ ਆਪਣੀ ਕੁਦਰਤ ਵਿਚ ਇਹ ਨਿਯਮ ਬਣਾਇਆ ਹੈ, ਉਹ ਸਾਡੀ ਅੰਞਾਣ ਅਰਜ਼ੋਈ ਤੇ 'ਇਹ ਨਿਯਮ ਕਿਵੇਂ ਤੋੜੇ ?

ਜਦੋਂ ਅਸੀਂ ਇਹ ਚਾਹੁੰਦੇ ਹਾਂ ਕਿ ਪਰਮਾਤਮਾ ਦੇ ਦਰ ਤੇ ਇੱਕੋ ਵਾਰੀ ਅਰਜ਼ੋਈ ਕਰ ਕੇ ਸਦਾ ਲਈ ਅਸੀਂ ਵਿਕਾਰਾਂ ਤੋਂ ਬਚ ਜਾਈਏ, ਤਾਂ ਸਾਨੂੰ ਪਹਿਲਾਂ ਇਹ ਸਮਝਣ ਦੀ ਲੋੜ ਹੈ ਕਿ ਸਾਡੀ ਇਹ ਖ਼ਾਹਸ਼ ਅਸਲ ਵਿਚ ਕਿਸ ਤਰ੍ਹਾਂ ਦੀ ਹੈ। ਇਹ ਤਾਂ ਹੋ ਸਕਦਾ ਹੈ ਕਿ ਪਾਪ ਤੋਂ ਬਚਣ ਲਈ ਤਰਲਾ ਰਜ਼ਾ ਅਨੁਸਾਰ ਹੈ, ਪਰ ਇਹ ਜ਼ਰੂਰੀ ਨਹੀਂ ਕਿ ਜੋ 'ਤਰੀਕਾ' ਅਸੀਂ ਚਾਹੁੰਦੇ ਹਾਂ ਉਹ ਭੀ ਰਜ਼ਾ ਅਨੁਕੂਲ ਹੋਵੇ।

(੧) ਜੇ ਮੈਂ ਇਹ ਚਾਹੁੰਦਾ ਹਾਂ ਕਿ ਕਾਮਾਦਿਕ ਵਿਕਾਰ ਕਰਨ ਦੀ ਮੇਰੇ ਅੰਦਰ ਸੱਤਿਆ ਹੀ ਨਾ ਰਹੇ,

ਤਾਂ ਮੈਂ ਕੁਦਰਤ ਦੇ ਇਕ ਬੜੇ ਜ਼ਰੂਰੀ ਨਿਯਮ ਨੂੰ ਉਲਟਵਾ ਕੇ ਜਗਤ ਦੀ ਸਾਰੀ ਖੇਡ ਨੂੰ ਤੋੜਨਾ ਚਾਹੁੰਦਾ ਹਾਂ। ਜੇ 'ਕਾਮ' ਨਾ ਰਹੇ, ਤਾਂ ਜਗਤ-ਰਚਨਾ ਦਾ ਸਿਲਸਿਲਾ ਮੁੱਕ ਜਾਏ। ਜੇ 'ਮੋਹ' ਨਾ ਰਹੇ, ਤਾਂ ਨਿੱਕੇ ਨਿੱਕੇ ਬਾਲਾਂ ਨੂੰ ਪਾਲਣ ਵਾਸਤੇ ਕਿਉਂ ਕੋਈ ਮਾਂ ਕੁਰਬਾਨੀ ਕਰੇ ? ਸੋ, ਮੇਰੀ ਇਹ ਮੰਗ ਰਜ਼ਾ ਅਨੁਸਾਰ ਨਹੀਂ ਹੈ।

(੨) ਜੇ ਮੈਂ ਇਹ ਚਾਹੁੰਦਾ ਹਾਂ ਕਿ ਮੇਰੇ ਰਾਹ ਵਿਚ ਕੋਈ ਅਜ਼ਮਾਇਸ਼, ਕੋਈ ਇਮਤਿਹਾਨ ਨਾ ਆਵੇ, ਤਾਂ ਇਹ ਭੀ ਰਜ਼ਾ-ਵਿਰੁੱਧ ਹੈ। ਇਹ 'ਇਮਤਿਹਾਨ' ਹੀ ਇਖ਼ਲਾਕੀ ਤਰੱਕੀ ਦਾ ਵਸੀਲਾ ਹਨ।

(੩) ਜੇ ਮੈਂ ਇਹ ਚਾਹੁੰਦਾ ਹਾਂ ਕਿ ਇਕੋ ਵਾਰੀ ਵਿਕਾਰਾਂ ਤੋਂ ਖਲਾਸੀ ਹੋ ਕੇ, ਮੈਨੂੰ ਮੁੜ ਮੁੜ ਤਰਲੇ ਕਰਨ ਦੀ ਮੁਥਾਜੀ ਨਾ ਰਹੇ, ਇਸ ਦਾ ਭਾਵ ਇਹ ਹੈ ਕਿ ਮੈਂ ਪਰਮਾਤਮਾ ਨਾਲ ਆਪਣਾ ਸਦਾ ਦਾ ਸੰਬੰਧ ਨਹੀਂ ਰੱਖਣਾ ਚਾਹੁੰਦਾ।

(੪) ਜੇ ਮੈਂ ਇਹ ਚਾਹੁੰਦਾ ਹਾਂ ਕਿ ਮੈਂ ਬੇਪਰਵਾਹੀ ਦਾ ਜੀਵਨ ਭੀ ਗੁਜ਼ਾਰੀ ਜਾਵਾ, ਵਿਕਾਰਾਂ ਨਾਲ ਜਾਣ ਬੁੱਝ ਕੇ ਅੱਡਾ ਭੀ ਲਾਈ ਰੱਖਾਂ, ਤੇ ਫਿਰ ਬਚਿਆ ਰਹਾਂ, ਤਾਂ ਪਰਮਾਤਮਾ ਇਹ ਜ਼ਰੂਰੀ ਸਮਝਦਾ ਹੈ ਕਿ ਮੈਂ ਅਜ਼ਮਾਇਸ਼ ਵਿਚ ਮੂੰਹ-ਭਾਰ ਡਿੱਗਾ, ਤਾਂ ਜੁ ਮੈਨੂੰ ਸੁਰਤ ਆਵੇ।

ਵਿਕਾਰ ਕਰਨ ਦੀਆਂ ਵਾਦੀਆਂ ਸਤਾਂਦੀਆਂ ਰਹਿਣਗੀਆਂ, ਅਜ਼ਮਾਇਸ਼ਾਂ ਆਉਂਦੀਆਂ ਰਹਿਣਗੀਆਂ, ਪਿਛਲੇ ਕੀਤੇ ਕੁਕਰਮਾਂ ਦਾ ਕੌੜਾ ਸੁਆਦ ਭੀ ਨਹੀਂ ਬਚਾਏਗਹਾ। ਇਕੋ ਚੀਜ਼ ਬਚਾਏਗੀ, ਉਹ ਇਹ ਹੈ ਕਿ ਜਿਸ ਸੋਮੇ ਨਾਲੋਂ ਵਿਛੜੇ ਹਾਂ, ਉਸ ਨਾਲੰ ਮੇਲ ਟਿਕਿਆ ਰਹੇ, ਉਹ ਰਹਿਮਤ ਦਾ ਦਰਿਆ ਸਾਡੇ ਅੰਦਰ ਇਤਨੇ ਜ਼ੋਰ ਵਿਚ ਵਹੇ ਕਿ ਸਭ ਵਿਕਾਰ ਉਸ ਵਿਚ ਰੁੜ੍ਹ ਜਾਣ। ਹੁਕਮ ਹੈ:

(੧) ਪਬਰ ਤੂੰ ਹਰੀਆਵਲਾ, ਕਵਲਾ ਕੰਚਨ ਵੰਨਿ।
ਕੈ ਦੋਖੜੈ ਸੜਿਓਹਿ, ਕਾਲੀ ਹੋਈਆ ਦੇਹੁਰੀ,ਨਾਨਕ ਮੈ ਤਨਿ ਭੰਗੁ॥
ਜਾਣਾ, ਪਾਣੀ ਨਾ ਲਹਾਂ ਜੈ ਸੇਤੀ ਮੇਰਾ ਸੰਗੁ॥੩੦॥ (ਮ: ੧)

(੨) ਖਖੜੀਆ ਸੁਹਾਵੀਆ ਲਗੜੀਆ ਅਕ ਕੰਠਿ।
ਬਿਰਹ ਵਿਛੋੜਾ ਧਣੀ ਸਿਉ ਨਾਨਕ ਸਹਸੈ ਗੰਠਿ॥ (ਮ: ੫)

ਬਹੁਤ ਸਾਰੇ ਮੰਦ ਕਰਮ ਐਸੇ ਹਨ ਜੋ ਅਸੀਂ ਅੰਞਾਣਪੁਣੇ ਵਿਚ ਕਰੀ ਜਾਂਦੇ ਹਾਂ। ਮਾਪੇ ਆਪਣੇ ਪੁੱਤਰ ਨੂੰ ਪਾਲ ਪੋਸ ਕੇ ਜੁਆਨ ਕਰਦੇ ਹਨ, ਜਦੋਂ ਉਹ ਆਪ ਬਿਰਧ ਅਵਸਥਾ ਵਿਚ ਅਪੜਦੇ ਹਨ ਤਾਂ ਉਸ ਪੁੱਤਰ ਦੇ ਹੱਥਾਂ ਵਲ ਤੱਕਦੇ ਹਨ। ਉਹ ਪੁੱਤਰ ਆਪਣੇ ਬਾਲਾਂ ਵਾਸਤੇ ਤਾਂ ਦੁੱਧ ਘਿਉ ਆਦਿਕ ਦਾ ਖ਼ਾਸ ਖ਼ਿਆਲ ਰੱਖਦਾ ਹੈ। ਕਿਉਂਕਿ ਉਹ ਸਮਝਦਾ ਹੈ ਕਿ ਇਹਨਾਂ ਨੇ ਜੁਆਨ ਹੋ ਕੇ ਕਈ ਕੰਮ ਕਰਨੇ ਹਨ, ਪਰ ਮਾਪਿਆਂ ਦਾ ਅਦਬ ਕਰਦਾ ਹੋਇਆ ਭੀ ਉਹਨਾਂ ਨੂੰ ਸਧਾਰਨ ਜਿਹੀ ਰੋਟੀ ਦੇਂਦਾ ਹੈ, ਇਸ ਖ਼ਿਆਲ ਨਾਲ ਕਿ ਇਹ ਹੁਣ ਆਪਣਾ ਸਮਾਂ ਲੰਘਾ ਚੁਕੇ ਹਨ। ਪਰ ਜਦੋਂ ਉਹ ਆਪ ਬਿਰਧ ਉਮਰਾ ਤੇ ਅਪੜਦਾ ਹੈ, ਤਦੋਂ ਉਸ ਨੂੰ ਸਮਝ ਆਉਂਦੀ ਹੈ ਕਿ ਚੰਗੀ ਖ਼ੁਰਾਕ ਬਿਰਧ ਵਾਸਤੇ ਭੀ ਉਤਨੀ ਹੀ ਜ਼ਰੂਰੀ ਹੈ ਜਿਤਨੀ ਬਾਲਾਂ ਵਾਸਤੇ। ਹੁਣ ਉਹ ਸਮਝਦਾ ਹੈ ਕਿ ਮਾਪਿਆਂ ਦੀ ਚੰਗੀ ਸੇਵਾ ਨਾ ਕਰਨ ਦਾ ਪਾਪ ਕੀਤਾ, ਕਈ ਵਾਰੀ ਉਹਨਾਂ ਨਾਲ ਖਰ੍ਹਵੇ ਲਫ਼ਜ਼ ਭੀ ਵਰਤੇ। ਪਰ ਇਤਨੇ ਚਿਰ ਵਿਚ ਇਸ ਕੰਮ ਦਾ ਇਖ਼ਲਾਕੀ ਪਾਸਾ ਬਦਲ ਨਹੀਂ ਗਿਆ। ਜੇ ਅੱਜ ਮਾਪਿਆਂ ਨਾਲ ਰੁੱਖਾ ਵਰਤਾਉ ਪਾਪ ਹੈ ਤਾਂ ਅੱਜ ਤੋਂ ਵੀਹ ਸਾਲ ਪਹਿਲਾਂ ਭੀ ਇਹ ਪਾਪ ਸੀ। ਫ਼ਰਕ ਸਿਰਫ਼ ਇਹ ਪਿਆ ਕਿ ਪਹਿਲਾਂ ਇਹ ਪਾਪ ਅਗਿਆਨਤਾ ਦੇ ਕਾਰਨ ਸੀ ਤੇ ਹੁਣ ਜਾਣ ਬੁੱਝ ਕੇ ਹੈ।

ਪਰ ਬਹੁਤੇ ਪਾਪ ਐਸੇ ਹਨ ਜੋ 'ਕਮਾਈ' ਵਿਚ ਨਹੀਂ, 'ਉਕਾਈ' ਵਿਚ ਹਨ। ਅਸੀਂ ਰੋਜ਼ ਦੇ ੨੪ ਘੰਟਿਆਂ ਵਿਚੋਂ ਬਹੁਤ ਸਾਰਾ ਸਮਾ ਖਾਣ-ਪੀਣ ਆਦਿਕ ਸਰੀਰਕ ਸੁਖਾਂ ਵਿਚ ਲੰਘਾ ਦੇਂਦੇ ਹਾਂ, ਤੇ ਆਪਣੇ ਆਤਮਕ ਜੀਵਨ ਵਲੋਂ ਉੱਕਾ ਹੀ ਲਾ-ਪਰਵਾਹੀ ਹੈ। ਹੁਕਮ ਹੈ:

ਖਾਤ ਪੀਤ ਖੇਲਤ ਹਸਤ ਬਿਸਥਾਰ॥ ਕਵਨ ਅਰਥ ਮਿਰਤਕ ਸੀਗਾਰ॥੨॥

(ਬਾਕੀ ਪੰਨਾ ੩੦ ਤੇ....)

# ਗੁਰੂ ਹਰਿਕ੍ਰਿਸ਼ਨ ਸਾਹਿਬ ਜੀ ਦਾ ਯੋਗਦਾਨ

(ਪ੍ਰੋ: ਜੋਗਿੰਦਰ ਸਿੰਘ ਜੀ)

(੧)

ਦਸ ਗੁਰੂ-ਪਾਤਿਸ਼ਾਹਾਂ ਵਿਚੋਂ 'ਗੁਰੂ ਹਰਿਕ੍ਰਿਸ਼ਨ ਸਾਹਿਬ' ਸੰਸਾਰਕ ਦ੍ਰਿਸ਼ਟੀ ਤੋਂ ਸਭ ਤੋਂ ਘੱਟ ਉਮਰ ਦੇ ਵੀ ਹਨ ਅਤੇ ਗੁਰੂ-ਸਿੰਘਾਸਣ ਉਤੇ, ਇਕ ਗੁਰੂ ਦੇ ਰੂਪ ਵਿੱਚ ਬਿਰਾਜਮਾਨ ਵੀ ਸਭ ਤੋਂ ਘੱਟ ਸਮਾਂ ਰਹੇ ਹਨ। ੭ ਜੁਲਾਈ, ੧੬੫੬ ਨੂੰ ਗੁਰੂ ਹਰਿਕ੍ਰਿਸ਼ਨ ਸਾਹਿਬ ਦਾ ਪ੍ਰਕਾਸ਼ ਮਾਤਾ ਕ੍ਰਿਸ਼ਨ ਕੌਰ ਤੇ ਪਿਤਾ ਗੁਰੂ ਹਰਿ ਰਾਇ ਸਾਹਿਬ ਦੇ ਗ੍ਰਹਿ, ਕੀਰਤਪੁਰ ਸਾਹਿਬ ਦੀ ਧਰਤੀ ਉਤੇ ਹੋਇਆ ਸੀ। ੭ ਅਕਤੂਬਰ, ੧੬੬੧ ਨੂੰ ਗੁਰੂ ਹਰਿਰਾਇ ਸਾਹਿਬ ਦੇ ਵੱਡੇ ਸਪੁੱਤਰ 'ਰਾਮ ਰਾਇ' ਦੇ ਮੁਕਾਬਲੇ ਛੋਟੇ ਸਪੁੱਤਰ 'ਹਰਿਕ੍ਰਿਸ਼ਨ' ਜੀ ਨੂੰ ਗੁਰੂ-ਸਿੰਘਾਸਣ ਉਤੇ ਬਿਠਾ, ਪਹਿਲਾਂ ਆਪਣਾ ਗੁਰੂ-ਪਿਤਾ ਦਾ ਪਿਆਰ ਤੇ ਆਪਣੀਆ ਅਸੀਸਾਂ ਪ੍ਰਦਾਨ ਕੀਤੀਆਂ, ਫਿਰ ਗੁਰੂ-ਪਰੰਪਰਾ ਦੇ ਵਿਰਸੇ ਦੀ ਸੰਭਾਲ ਲਈ ਜਾਗਰੂਕ ਕੀਤਾ। ਅਖ਼ੀਰ ਸਮਕਾਲੀ ਤੇ ਸਰਕਾਰੀ ਗੁਰੂ-ਦੋਖੀਆਂ ਦੀ ਪਛਾਣ ਕਰਵਾ ਕੇ, ਗੁਰੂ-ਦਰਬਾਰ ਦੀ ਸਾਰੀ ਜ਼ਿੰਮੇਵਾਰੀ ਸੌਂਪ, ਸਭ ਪਾਸੇ ਇਹ ਐਲਾਨ ਕਰ ਦਿੱਤਾ ਕਿ ਗੁਰੂ ਨਾਨਕ ਰਾਜ-ਸਿੰਘਾਸਣ ਦੇ ਵਾਰਿਸ ਤੇ ਮਾਲਕ ਰਾਮ ਰਾਇ ਨਹੀਂ, 'ਗੁਰੂ ਹਰਿਕ੍ਰਿਸ਼ਨ ਸਾਹਿਬ' ਹਨ। ਇਹੀ ਗੁਰੂ-ਪਰੰਪਰਾ ਦੇ ਅਠੱਵੇਂ ਪਾਤਿਸ਼ਾਹ ਹਨ। ਇਤਿਹਾਸ ਸਾਖੀ ਹੈ ਕਿ ਪੰਜ ਸਾਲ ਦੀ ਇਹ ਬਾਲ ਸ਼ਖ਼ਸੀਅਤ ਗੁਰੂ ਹਰਿਕ੍ਰਿਸ਼ਨ ਸਾਹਿਬ ਦੇ ਰੂਪ ਵਿੱਚ ਜਦੋਂ ਗੁਰੂ-ਸਿੰਘਾਸਣ ਉਤੇ ਬਿਰਾਜਮਾਨ ਹੋ, ਸਾਰੇ ਭੂ-ਮੰਡਲ ਵਿੱਚ ਜਗਮਗ ਕਰਨ ਲੱਗੀ ਤਾਂ ਸੰਸਾਰੀ ਸੋਚ ਵਾਲਿਆਂ ਨੇ ਭਰਮ-ਭੁਲੇਖਾ ਵੀ ਪ੍ਰਗਟਾਇਆ ਅਤੇ ਕਿੰਤੂ ਵੀ ਕੀਤਾ ਕਿ ਇਹ 'ਬਾਲ-ਗੁਰੂ' ਗੁਰੂ-ਸਿੰਘਾਸਣ ਦੇ ਆਤਮਕ, ਸਮਾਜਕ, ਸਭਿਆਚਾਰਕ ਤੇ ਰਾਜਨੀਤਕ ਕਰਤੱਵਾਂ ਨੂੰ ਪਹਿਲੇ ਗੁਰੂ-ਪਾਤਿਸ਼ਾਹਾਂ ਵਾਂਗ ਕਿਵੇਂ ਨਿਬਾਹੇਗਾ ? ਘਰੋਗੀ ਤੇ ਸਰਕਾਰੀ-ਵਿਰੋਧ ਤਾਂ ਪਹਿਲੇ ਨਾਂਲੋਂ ਵੀ ਵੱਧ ਗਿਆ ਪਰ ਗੁਰੂ ਹਰਿਕ੍ਰਿਸ਼ਨ ਸਾਹਿਬ ਦਾ ਤਿੰਨ ਸਾਲ (੧੬੬੧-੬੪ ਈ.) ਗੁਰੂ-ਸਿੰਘਾਸਣ ਦਾ ਕਰਤੱਵ ਸਹਿਜੇ ਹੀ ਸਪੱਸ਼ਟ ਕਰਦਾ ਹੈ ਕਿ ਗੁਰੂ ਹਰਿਕ੍ਰਿਸ਼ਨ ਸਾਹਿਬ ਦਾ ਆਤਮਕ-ਰੰਗ, ਬਿਬੇਕ ਬੁਧਿ-ਪ੍ਰਕਾਸ਼, ਚਿੰਤਨ-ਦ੍ਰਿਸ਼ਟੀ, ਗੁਣ-ਰਾਸਿ ਤੇ ਪੱਦ-ਪਦਵੀ ਬਿਲਕੁਲ ਉਸੇ ਤਰ੍ਹਾਂ ਦੀ ਸੀ, ਜਿਵੇਂ ਪਹਿਲੇ ਗੁਰੂ-ਪਾਤਿਸ਼ਾਹਾਂ ਦਾ ਸੀ। ਗੁਰੂ ਗੋਬਿੰਦ ਸਿੰਘ ਜੀ ਜਦੋਂ 'ਚੰਡੀ ਦੀ ਵਾਰ' ਵਿੱਚ ਆਪਣੇ ਪੂਰਬਲੇ ਗੁਰੂ-ਪਾਤਿਸ਼ਾਹਾਂ ਦਾ ਅਭਿਨੰਦਨ ਕਰਨ ਲਗਦੇ ਹਨ ਤਾਂ ਇੰਜ ਜਾਪਦਾ ਹੈ ਕਿ ਗੁਰੂ ਹਰਿਕ੍ਰਿਸ਼ਨ ਸਾਹਿਬ ਦਾ 'ਗੁਰੂ-ਕਰਤੱਵ ਤੇ ਯੋਗਦਾਨ' ਉਹਨਾਂ ਦੀ ਪ੍ਰਤੀਬੱਧਤਾ ਦਾ ਵਿਸ਼ੇਸ਼ ਕਾਰਨ ਬਣਦਾ ਹੈ। ਗੁਰੂ ਗੋਬਿੰਦ ਸਿੰਘ ਜੀ ਨੇ ਹਰ ਗੁਰੂ- ਪਾਤਿਸ਼ਾਹ ਬਾਰੇ ਅੱਧਾ ਵਾਕ ਉਚਾਰਿਆ ਹੈ ਪਰ ਗੁਰੂ-ਹਰਿਕ੍ਰਿਸ਼ਨ ਸਾਹਿਬ ਬਾਰੇ ਪੂਰਾ ਵਾਕ। ਆਤਮਕ, ਸਮਾਜਕ ਤੇ ਸਭਿਆਚਾਰ ਤੌਰ 'ਤੇ ਇੰਨਾ ਭਾਵ-ਪੂਰਨ ਤੇ ਚਿੰਨ੍ਹਾਤਮਕ ਵਾਕ ਉਚਾਰਿਆ ਹੈ ਕਿ ਗੁਰੂ ਹਰਿਕ੍ਰਿਸ਼ਨ ਸਾਹਿਬ ਦੀ ਪ੍ਰਤਿੱਭਾ ਸਹਿਜੇ ਹੀ ਵੱਡੀ-ਵੱਡੀ ਤੇ ਮਾਨਵਤਾ ਦੇ ਇਤਿਹਾਸ ਵਿੱਚ ਅਤਿ-ਸਾਰਥਿਕ ਦਿੱਸਣ ਲਗ ਪੈਂਦੀ ਹੈ।

(੨)

ਜਿਵੇਂ ਗੁਰੂ ਅਰਜਨ ਦੇਵ ਜੀ ਨੇ ਆਪਣੇ ਜਨਮ ਤੋਂ ਹੀ ਗੁਰਮਤਿ ਦੀ ਪਛਾਣ ਕਰ ਲਈ ਸੀ, ਇਸੇ ਤਰ੍ਹਾਂ ਗੁਰੂ ਹਰਿਕ੍ਰਿਸ਼ਨ ਸਾਹਿਬ ਨੇ ਵੀ ਜਨਮ ਤੋਂ ਹੀ ਗੁਰੂ-ਪਿਤਾ ਦਾ ਪਿਆਰ, ਮਾਤਾ ਦੀਆਂ ਅਸੀਸਾਂ ਤੇ ਸੰਗਤੀ ਵਾਤਾਵਰਣ ਵਿਚੋਂ ਆਪਣੇ ਨੂੰ ਗੁਰੂ-ਰੰਗ, ਨਾਮ-ਰੰਗ ਨਾਲ ਰੰਗ ਲਿਆ ਸੀ। ਗੁਰੂ-ਰੰਗ, ਨਾਮ -ਰੰਗ ਤੇ ਸੱਚ-ਰੰਗ ਨੂੰ ਭਗਤੀ ਬੋਲੀ ਵਿੱਚ ਆਤਮਕ-ਰੰਗ ਹੀ ਆਖਿਆ ਜਾਂਦਾ ਹੈ। 'ਆਤਮਕ-ਰੰਗ ਵਾਲਾ' ਅੰਮ੍ਰਿਤ ਵੇਲੇ ਜਾਗਦਾ ਹੈ, ਨਾਮ-ਸਿਮਰਨ ਵਿੱਚ ਜੁੜਦਾ ਹੈ, ਸੰਗਤੀ-ਵਾਤਾਵਰਣ ਵਿੱਚ ਸਹਿਜ ਤੇ ਵਿਗਾਸ ਮਾਣਦਾ ਹੈ। ਅੰਦਰੋਂ-ਬਾਹਰੋਂ ਰਸਿਕ ਤੇ ਬੈਰਾਗੀ ਹੋ ਜਾਂਦਾ ਹੈ, ਨਿਮਰਤਾ, ਮਿੱਠਤ ਤੇ ਸੇਵਾ ਉਸ ਦਾ ਗੁਣ-ਵਿਹਾਰ ਬਣ ਜਾਂਦਾ ਹੈ। ਹਉਮੈ-ਹੰਕਾਰ, ਲੋਭ-ਲਾਲਚ, ਭਰਮ, ਪਾਖੰਡ, ਪਾਪ ਤੇ ਦੋਖ ਤੋਂ ਹੀ ਉਹ ਪੂਰੀ ਤਰ੍ਹਾਂ ਮੁਕਤ ਹੋ ਜਾਂਦਾ ਹੈ। ਇਹੀ ਕਾਰਨ ਹੈ ਕਿ ਗੁਰੂ ਹਰਿ ਕ੍ਰਿਸ਼ਨ ਸਾਹਿਬ ਬਾਲ-ਉਮਰ ਤੇ ਗੁਰੂ ਕਾਲ

ਵਿੱਚ ਵੀ ਅੰਮ੍ਰਿਤ ਵੇਲੇ ਜਾਗਦੇ, ਬਾਣੀ-ਅਭਿਆਸ ਵਿੱਚ ਜੁੜਦੇ, ਸੰਗਤੀ-ਵਾਤਾਵਰਣ ਵਿੱਚ ਬੈਠ ਪਹਿਲਾਂ ਗੁਰੂ-ਪਿਤਾ ਕੋਲੋਂ ਪੂਰਬਲੇ ਗੁਰੂ-ਪਾਤਿਸ਼ਾਹਾਂ ਦਾ ਸਾਖੀ-ਇਤਿਹਾਸ ਤੇ ਗੁਰਬਾਣੀ- ਉਪਦੇਸ਼ ਸੁਣਦੇ ਤੇ ਗੁਰੂ-ਸਿੰਘਾਸਣ ਉਤੇ ਬਿਰਾਜਮਾਨ ਹੋਣ ਪਿਛੋਂ ਆਪ ਵੀ ਇਸੇ ਨਿਯਮ ਅਨੁਸਾਰ ਗੁਰੂ-ਦਰਬਾਰ ਦਾ ਕਿਰਿਆ-ਕਰਮ ਨਿਬਾਹੁੰਦੇ ਰਹੇ। ਅਸਲ ਵਿੱਚ ਏਹੀ ਆਤਮਕ-ਰੰਗ ਸੀ, ਜਿਸ ਨੇ ਬਾਲ-ਉਮਰ ਵਿੱਚ ਗੁਰੂ ਹਰਿ ਕ੍ਰਿਸ਼ਨ ਸਾਹਿਬ ਦੇ ਗੁਰੂ-ਸਿੰਘਾਸਣ ਉਤੇ ਬੈਠਣ ਨਾਲ ਨਾ ਗੁਰੂ-ਪਾਤਿਸ਼ਾਹ ਦੇ ਮਾਣ ਤੇ ਪ੍ਰਭਾਵ ਨੂੰ ਘਟਣ ਦਿੱਤਾ ਅਤੇ ਨਾ ਹੀ ਸਿੱਖ ਸੰਗਤਾਂ ਨੂੰ ਕਿਸੇ ਨਿਰਾਸ਼ਾ ਜਾਂ ਉਦਾਸੀ ਵਲ ਜਾਣ ਦਿੱਤਾ। ਗੁਰੂ ਹਰਿ ਕ੍ਰਿਸ਼ਨ ਸਾਹਿਬ ਨੇ ਗੁਰੂ-ਦਰਬਾਰ ਦੀ ਸਾਰੀ ਕਿਰਿਆ ਨੂੰ ਕੇਵਲ ਗੁਰੂ-ਮਰਯਾਦਾ ਅਨੁਸਾਰ ਚਲਾਇਆ ਹੀ ਨਹੀਂ, ਸਗੋਂ ਬਿਬੇਕ-ਬੁਧਿ ਦਾ ਐਸਾ ਪ੍ਰਕਾਸ਼ ਤੇ ਪ੍ਰਸਾਦਿ ਵਰਤਾਂਦੇ ਕਿ ਸਿੱਖ ਸੰਗਤਾਂ ਬੰਧਨਾਂ ਤੋਂ ਬੇਪਰਵਾਹ ਹੋਣ ਲਗ ਪਈਆਂ ਤੇ 'ਆਤਮਕ ਬਲ' ਗੁਰੂ ਤੇ ਗੁਰੂ-ਦਰਬਾਰ ਦਾ ਪਛਾਣ-ਚਿਨ੍ਹ ਬਣ ਗਿਆ।

(੩)

ਗੁਰੂ ਹਰਿ ਕ੍ਰਿਸ਼ਨ ਸਾਹਿਬ ਦੀ ਗੁਰੂ-ਸਿੰਘਾਸਣ ਉਤੇ ਬਿਰਾਜਮਾਨ ਹੋਣ ਵੇਲੇ ਉਮਰ ਭਾਵੇਂ ਪੰਜ ਸਾਲ ਹੈ ਪਰ ਉਹਨਾਂ ਦਾ ਹਿਰਦਾ, ਚਿੰਤਨ ਤੇ ਵਿਹਾਰ, ਬਿਬੇਕ-ਬੁਧਿ ਦੇ ਪ੍ਰਕਾਸ਼ ਨਾਲ ਸ਼ਿੰਗਾਰਿਆ ਹੋਇਆ ਸੀ। ਇਸ ਬਿਬੇਕ-ਬੁਧਿ ਦੇ ਪ੍ਰਕਾਸ਼ ਕਾਰਨ ਹੀ ਗੁਰੂ ਹਰਿ ਰਾਇ ਸਾਹਿਬ ਨੇ ਵਡੇ ਸਪੁੱਤਰ ਰਾਮ ਰਾਇ ਨੂੰ ਤ੍ਰਿਸਕਾਰ ਕੇ ਛੋਟੇ ਸਪੁੱਤਰ 'ਹਰਿ ਕ੍ਰਿਸ਼ਨ ਜੀ' ਨੂੰ ਗੁਰੂ-ਸਿੰਘਾਸਣ ਲਈ ਯੋਗ ਤੇ ਲਾਇਕ ਸਵੀਕਾਰ ਕੀਤਾ ਸੀ। ਗੁਰੂ-ਪਰੰਪਰਾ ਵਿੱਚ ਪਰਵਾਨਗੀ ਦਾ ਨਿਸ਼ਾਨਾ ਹਮੇਸ਼ਾ ਉਸ ਨੂੰ ਪ੍ਰਾਪਤ ਹੋਇਆ ਹੈ, ਜਿਸ ਦਾ ਅੰਦਰ-ਬਾਹਰ ਬਿਬੇਕ-ਬੁਧਿ ਦੇ ਪ੍ਰਕਾਸ਼ ਨਾਲ ਸ਼ਿੰਗਾਰਿਆ ਹੋਇਆ ਹੈ। ਬਿਬੇਕ-ਬੁਧਿ ਵਾਲਾ ਨਿਰਵੈਰ ਵੀ ਹੁੰਦਾ ਹੈ ਅਤੇ ਨਿਰਭਉ ਵੀ ਹੁੰਦਾ ਹੈ। 'ਸੱਚ' ਉਸ ਦਾ ਪ੍ਰਥਮ ਪਛਾਣ-ਗੁਣ ਹੁੰਦਾ ਹੈ। ਝੂਠੀ ਖੁਸ਼ਾਮਦ ਕਰਨਾ, ਲੋਭ-ਲਾਲਚ ਅਧੀਨ ਗੁਲਾਮੀ ਸਵੀਕਾਰ ਕਰਨਾ, ਸਮਕਾਲੀ ਰਾਜ-ਸੱਤਾ ਤੇ ਹਾਕਮਾਂ ਨਾਲ ਰਾਜਸੀ ਸਮਝੌਤਾ ਕਰਨਾ, ਪਦ-ਪਦਵੀ ਦੀ ਪ੍ਰਾਪਤੀ ਲਈ ਸਾਜ਼ਸ਼ਾਂ ਰਚਣੀਆਂ ਅਤੇ ਕਰਾਮਾਤਾਂ ਦਾ ਵਿਖਾਵਾ ਕਰਨਾ, ਇਹ ਸਭ ਕੁਝ ਬਿਬੇਕ-ਬੁਧਿ ਵਾਲੇ ਤੇ ਸੱਚੇ-ਰਾਜੇ ਨੂੰ ਨਾ ਪਸੰਦ ਹੁੰਦਾ ਹੈ ਅਤੇ ਨਾ ਹੀ ਪਰਵਾਨ ਹੁੰਦਾ ਹੈ। ਗੁਰੂ-ਸਿੰਘਾਸਣ ਉਤੇ ਬੈਠਣ ਲਈ ਪਿਤਾ-ਗੁਰੂ ਹਰਿਰਾਇ ਸਾਹਿਬ ਦੇ ਹੁੰਦਿਆਂ ਵੀ ਰਾਮ ਰਾਇ ਨੇ ਐਸੇ ਨੀਵੇਂ,ਹੋਛੇ ਤੇ ਕਪਟੀ ਕਿਰਦਾਰ ਦਾ ਪ੍ਰਗਟਾਵਾ ਕੀਤਾ। ਇਸ ਬਿਬੇਕ-ਹੀਣ ਕਿਰਦਾਰ ਕਾਰਨ ਹੀ ਗੁਰੂ ਹਰਿ ਰਾਇ ਸਾਹਿਬ ਨੇ ਰਾਮ ਰਾਇ ਨੂੰ ਇੰਨਾ ਤ੍ਰਿਸਕਾਰਿਆ, ਦੁਤਕਾਰਿਆ ਕਿ ਉਸ ਨੂੰ ਆਪੇ ਸੰਦੇਸ਼ਾ ਭੇਜਿਆ ਕਿ 'ਰਾਮ ਰਾਇ' । ਜਿੱਧਰ ਤੇਰਾ ਮੂੰਹ ਹੈ, ਉਧਰ ਚਲਾ ਜਾ, ਮੇਰੇ ਮੱਥੇ ਨਾ ਲੱਗੀਂ, ਗੁਰੂ ਹਰਿ ਰਾਇ ਦੇ ਇਹ ਬੋਲ ਉਹਨਾਂ ਦੀ ਬਿਬੇਕ-ਬੁਧਿ ਸ਼ਖਸੀਅਤ ਦੇ ਪ੍ਰਤੀਕ ਵੀ ਹਨ ਅਤੇ ਸਪੁੱਤਰ ਗੁਰੂ ਹਰਿ ਕ੍ਰਿਸ਼ਨ ਸਾਹਿਬ ਲਈ ਗੁਰੂ-ਪਰੰਪਰਾ ਵਿੱਚ ਰਹਿਣ ਲਈ ਆਦੇਸ਼ ਵੀ ਹਨ। ਇੰਹੀ ਕਾਰਨ ਹੈ ਕਿ ਗੁਰੂ ਹਰਿ ਕ੍ਰਿਸ਼ਨ ਸਾਹਿਬ ਨੇ ਗੁਰੂ-ਸਿੰਘਾਸਣ ਉਤੇ ਬੈਠ ਕੇ ਜਿਥੇ ਬਿਲਕੁਲ ਸਚਿਆਰਾ, ਨਿਰਭਉ ਤੇ ਨਿਰਵੈਰ-ਚਰਿੱਤਰ ਦਾ ਪ੍ਰਗਟਾਵਾ ਕੀਤਾ, ਉਥੇ ਗੁਰੂ-ਕਾਲ ਵਿਚ ਨਾ ਸਮਕਾਲੀ ਰਾਜ-ਸੱਤਾ ਨਾਲ ਕੋਈ ਰਾਜਸੀ ਸਮਝੌਤਾ ਕੀਤਾ, ਨਾ ਪਰਾਧੀਨਤਾ ਸਵੀਕਾਰੀ, ਨਾ ਖੁਸ਼ਾਮਦ ਕੀਤੀ ਅਤੇ ਨਾ ਹੀ ਖੁਸ਼ਾਮਦੀ ਨੂੰ ਨੇੜੇ ਲੱਗਣ ਦਿੱਤਾ। ਗੁਰੂ ਹਰਿ ਕ੍ਰਿਸ਼ਨ ਸਾਹਿਬ ਨੇ ਗੁਰੂ-ਸਿੰਘਾਸਣ ਦਾ ਆਤਮਕ, ਸਮਾਜਕ, ਸਭਿਚਾਰਕ ਤੇ ਰਾਜਨੀਤਕ, ਸਾਰਾ ਕਾਰਜ ਗੁਰੂ-ਪਰੰਪਰਾ, ਗੁਰੂ-ਮਰਯਾਦਾ ਅਨੁਸਾਰ ਹੀ ਕੀਤਾ।

(੪)

ਗੁਰੂ-ਸਿੰਘਾਸਣ ਉਤੇ ਬਿਰਾਜਮਾਨ ਹੋਣ ਵੇਲੇ ਗੁਰੂ ਹਰਿ ਕ੍ਰਿਸ਼ਨ ਸਾਹਿਬ ਨੂੰ ਜਿਥੇ ਪਿਤਾ-ਗੁਰੂ ਹਰਿ ਰਾਇ ਜੀ ਨੇ ਆਪਣਾ ਪਿਆਰ ਦਿੱਤਾ, ਅਸੀਸਾਂ ਪ੍ਰਦਾਨ ਕੀਤੀਆਂ, ਪਰੰਪਰਾਗਤ ਰੂਪ ਵਿੱਚ ਕੁਝ ਆਦੇਸ਼ ਵੀ ਕੀਤੇ, ਉਥੇ ਇਕ ਵਰਦਾਨ ਵੀ ਦਿੱਤਾ, ਅਰਥਾਤ ਜਿਹੜਾ ਗੁਰੂ ਹਰਿ ਕ੍ਰਿਸ਼ਨ ਸਾਹਿਬ ਦੇ ਦਰਸ਼ਨ-ਦੀਦਾਰ ਕਰੇਗਾ, ਉਸ ਦੇ 'ਸਭਿ ਦੁਖਿ' ਜਾਣਗੇ ਹੀ ਨਹੀਂ। ਸਗੋਂ ਉਸ ਦੇ ਕਲੇਸ਼ ਤੇ ਸੰਕਟ ਵੀ ਮੁੱਕ ਜਾਣਗੇ। ਇਤਿਹਾਸਕ ਗ੍ਰੰਥਾਂ ਨੇ ਇਸ 'ਵਰਦਾਨ' ਨੂੰ ਹੇਠਲੇ ਵਾਕ-ਅੰਸ਼-

'ਨਹੀਂ ਦਰਸਹਿੰ ਦਰਸਾਵਹਿ'



www.AKJ.Org

-ਰਾਹੀਂ ਉਜਾਗਰ ਕੀਤਾ ਹੈ। 'ਨਹੀ ਦਰਸਹਿ' ਸੰਕੇਤ ਹੈ- ਰਾਮ ਰਾਇ ਪ੍ਰਤੀ। ਗੁਰੂ ਹਰਿ ਰਾਇ ਸਾਹਿਬ ਦਾ ਆਦੇਸ਼ ਹੀ ਨਹੀਂ, ਸਾਰੇ ਸਿੱਖਾਂ ਪ੍ਰਤੀ ਹੁਕਮ ਵੀ ਸੀ ਕਿ ਰਾਮ ਰਾਇ ਦੇ ਦਰਸ਼ਨ ਨਹੀਂ ਕਰਨੇ; ਉਸ ਦੀਆਂ ਭੇਜੀਆਂ ਭੇਟਾਵਾਂ ਤੇ ਸਿਰੋਪਾਉ ਸਵੀਕਾਰ ਨਹੀਂ ਕਰਨੇ, ਦਰਸ਼ਨ ਨਹੀਂ ਕਰਨੇ। 'ਦਰਸਾਵਹਿ' ਪਦ ਗੁਰੂ ਹਰਿ ਕ੍ਰਿਸ਼ਨ ਸਾਹਿਬ ਪ੍ਰਤੀ ਵਰਦਾਨ ਦਾ ਪ੍ਰਤੀਕ ਹੈ ਕਿ ਉਹਨਾਂ ਦੇ ਦਰਸ਼ਨ-ਦੀਦਾਰ ਨਾਲ 'ਸਭਿ ਦੁਖਿ' ਕਲੇਸ਼ ਤੇ ਸੰਕਟ ਮੁੱਕ ਜਾਣਗੇ। ਗੁਰੂ-ਪਾਤਿਸ਼ਾਹ ਨੂੰ ਵੇਖ ਕੇ, ਸਮੁੱਚੇ ਜੀਵਨ-ਵਿਹਾਰ ਵਿੱਚ ਗੁਰੂ-ਪਾਤਿਸ਼ਾਹ ਵਰਗਾ ਹੋ ਜਾਣ ਨਾਲ ਨਿਸਚੇ ਹੀ ਦੁੱਖ, ਕਲੇਸ਼ ਦੇ ਸੰਗਟ ਮਿਟ ਜਾਂਦ ਹਨ। ਗੁਰਬਾਣੀ ਦੀ ਸਪਸ਼ਟ ਗਵਾਹੀ ਹੈ:

(੧) ਸਤਿਗੁਰ ਕਾ ਦਰਸਨੁ ਸਫਲੁ ਹੈ ਜੇਹਾ ਕੋ ਇਛੇ ਤੇਹਾ ਫਲੁ ਪਾਏ॥
ਗੁਰ ਕਾ ਸਬਦੁ ਅੰਮ੍ਰਿਤੁ ਹੈ ਸਭ ਤ੍ਰਿਸਨਾ ਭੁਖ ਗਵਾਏ॥ (ਪੰਨਾ ੮੫੦)

(੨) ਅਉਖਦ ਆਏ ਰਾਸਿ ਵਿਚਿ ਆਪਿ ਖਲੋਇਆ॥
ਜੋ ਜੋ ਓਨਾ ਕਰਮ ਸੁਕਰਮ ਹੋਇ ਪਸਰਿਆ॥
ਹਰਿਹਾਂ ਦੂਖ ਰੋਗ ਸਭਿ ਪਾਪ ਤਨ ਤੇ ਖਿਸਰਿਆ॥(ਪੰਨਾ ੧੩੬੩)

ਗੁਰੂ ਹਰਿ ਕ੍ਰਿਸ਼ਨ ਸਾਹਿਬ ਨੇ ਆਪਣੇ ਗੁਰੂ ਕਾਲ ਵਿੱਚ ਐਸੀ 'ਘਾਲਿ-ਕਮਾਈ' ਪ੍ਰਾਪਤ ਕਰ ਲਈ ਸੀ ਕਿ ਜਿਹੜਾ ਵੀ ਉਹਨਾਂ ਦੇ ਦਰਸ਼ਨ-ਦੀਦਾਰ ਕਰਦਾ, ਉਪਦੇਸ਼-ਆਦੇਸ਼ ਉਤੇ ਅਮਲ ਕਰਦਾ, ਉਹ 'ਸਭਿ ਦੁਖਿ' ਦੀ ਪੀੜਾ ਤੋਂ ਸਹਿਜੇ ਹੀ ਸੁਤੰਤਰ ਹੋ ਜਾਂਦਾ ਹੈ। ਗੁਰੂ ਹਰਿ ਕ੍ਰਿਸ਼ਨ ਸਾਹਿਬ ਦਾ ਗੁਰੂ-ਕਾਲ-ਜੀਵਨ ਸਾਖੀ ਹੈ ਕਿ ਉਹਨਾਂ ਨੇ ਅਨੇਕਾਂ ਹੀ ਦੁਖਿਤ ਤੇ ਪੀੜਤ ਜੀਵਾਂ ਨੂੰ ਆਤਮਕ, ਮਾਨਸਿਕ ਤੇ ਸਰੀਰਕ ਸੁਖ ਸ਼ਾਤੀ ਪ੍ਰਦਾਨ ਕੀਤੀ। ਇਥੋਂ ਤਕ ਕਿ ਦਿਲੀ ਵਿੱਚ ਬੈਠ ਕੇ ਚੀਚਕ ਦੇ ਰੋਗ ਤੋਂ ਲੋਕਾਂ ਨੂੰ ਬਚਾਉਣ ਵਾਸਤੇ, ਆਪਣਾ ਸਰੀਰ ਵੀ 'ਮਾਨਵ-ਸੇਵਾ' ਨਮਿੱਤ ਭੇਟ ਚੜ੍ਹਾ ਦਿੱਤਾ। ਇਸ ਕੁਰਬਾਨੀ, ਇਸ ਯੋਗਦਾਨ ਕਾਰਨ ਹੀ ਗੁਰੂ ਗੋਬਿੰਦ ਸਿੰਘ ਜੀ ਨੇ ਲੋਕ-ਸੁਰ ਵਿੱਚ ਇਕਸੁਰ ਹੋ, ਇਹ ਗਾਇਆ ਹੋਵੇਗਾ:

ਸ੍ਰੀ ਹਰਿ ਕ੍ਰਿਸ਼ਨ ਧਿਆਈਐ, ਜਿਸ ਡਿਠੈ ਸਭਿ ਦੁਖਿ ਜਾਇ।

(੫)

ਦਸ ਗੁਰੂ-ਪਾਤਿਸ਼ਾਹਾਂ ਦੇ ਮਨ, ਬਚਨ ਤੇ ਕਰਮ ਤੋਂ, ਖਾਸ ਕਰਕੇ ਗੁਰੂ-ਬਾਣੀ ਤੇ ਗੁਰੂ ਇਤਿਹਾਸ ਤੋਂ ਸਹਿਜੇ ਹੀ ਸਪੱਸ਼ਟ ਹੁੰਦਾ ਹੈ ਕਿ ਗੁਰੂ-ਪਰੰਪਰਾ ਸ਼ੁੱਧ ਰੂਪ ਵਿੱਚ 'ਧਰਮ' ਨੂੰ ਸਥਾਪਿਤ ਤੇ ਉਜਾਗਰ ਕਰਨ ਲਈ ਹੀ, ਪ੍ਰਕਾਸ਼ ਰੂਪ ਵਿੱਚ, ਇਸ ਲੋਕ ਵਿੱਚ ਪ੍ਰਗਟ ਹੋਈ ਸੀ ਜਾਂ ਗੁਰੂ ਗੋਬਿੰਦ ਸਿੰਘ ਜੀ ਦੇ ਸ਼ਬਦਾਂ ਵਿੱਚ ਪਠਾਈ ਸੀ ਤਾਂ ਜੋ ਧਰਮ-ਦੋਖੀਆਂ ਤੇ ਧਰਮ-ਸੱਚ ਆਚਾਰ ਵਿੱਚ ਜੋ ਗਿਰਾਵਟ ਦੇ ਭ੍ਰਿਸ਼ਟਾਚਾਰ ਆ ਚੁੱਕਾ ਸੀ, ਉਸ ਨੂੰ ਪਛਾੜ ਕੇ, ਮਾਨਵਤਾ ਨੂੰ ਸਰਬ-ਵੰਡਾਂ, ਰੋਗਾਂ ਤੇ ਭ੍ਰਿਸ਼ਟ-ਆਦਤਾਂ ਤੋਂ ਹਟਾ ਕੇ, ਉਸ ਨੂੰ ਮਹਾਂ ਪੁਰਖ, ਸੁਜਾਣ ਪੁਰਖ, ਪ੍ਰਮਾਣ ਪੁਰਖ ਤੇ ਦੇਵਤਾ ਸਿਰਜਿਆ ਜਾ ਸਕੇ। ਗੁਰੂ-ਪਰੰਪਰਾ ਦਾ ਸਾਰਾ ਜੀਵਨ ਹੀ ਨਹੀਂ ਸਾਰਾ ਬਲ ਵੀ ਇਸ ਧਰਮ-ਆਦਰਸ਼ ਦੀ ਪੂਰਤੀ ਵਾਸਤੇ ਹੀ ਸਮਰਪਿਤ ਸੀ। ਇਸ ਧਰਮ-ਆਦਰਸ਼ ਦੀ ਪੂਰਤੀ ਵਾਸਤੇ ਹੀ ਸ੍ਰੀ ਹਰਿਮੰਦਰ ਸਾਹਿਬ ਦੀ ਸਿਰਜਨਾ ਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਸੰਪਾਦਨਾ ਹੋਈ ਸੀ। ਗੁਰੂ-ਪਰੰਪਰਾ ਵੱਲੋਂ ਧਰਮ ਦੇ ਪ੍ਰਸੰਗ ਵਿੱਚ ਜੋ ਕੁਝ ਵੀ ਸਿਰਜਿਆ ਤੇ ਸਥਾਪਿਤ ਕੀਤਾ ਜਾ ਰਿਹਾ ਸੀ, ਉਹ ਸਾਰੇ ਦਾ ਸਾਰਾ ਮਾਨਵ-ਜੀਵਨ ਨੂੰ ਧਰਮੀ ਤੇ ਆਦਰਸ਼ਕ ਸਿਰਜਨ ਵਾਸਤੇ ਹੀ ਸੀ ਅਤੇ ਧਰਮ ਤੇ ਮਾਨਵ-ਕੀਮਤਾਂ ਹੀ ਉਸ ਗੁਰੂ-ਪਰੰਪਰਾ ਦਾ ਕੇਂਦਰ-ਬਿੰਦੂ ਸਨ। ਗੁਰੂ ਹਰਿ ਕ੍ਰਿਸ਼ਨ ਸਾਹਿਬ ਨੇ ਵੀ ਧਰਮ ਦੀ ਸ਼ੁੱਧ ਭਾਵਨਾ ਨਾਲ ਜੁੜੇ ਰਹਿਣ ਲਈ ਜਿਥੇ ਆਪਣੇ ਸਿੱਖਾਂ ਨੂੰ 'ਹੁਕਮਨਾਮੇ' ਭੇਜੇ, ਉਥੇ ਉਹਨਾਂ ਨੇ ਧਰਮ-ਦੋਖੀਆਂ ਤੇ ਧਰਮ-ਵਿਰੋਧੀ ਕੂੜ-ਕਿਰਿਆ ਨੂੰ ਪੂਰੇ ਜ਼ੋਰ ਨਾਲ ਨਿਖੇਧਿਆ। ਜਿਵੇਂ ਸਾਰੀ ਗੁਰੂ-ਪਰੰਪਰਾ ਜਾਤਿ-ਪਾਤਿ, ਉਚੇ-ਨੀਵੇਂ ਤੇ ਅਮੀਰ-ਗਰੀਬ ਦੀ ਵੰਡ ਨੂੰ ਪਸੰਦ ਨਹੀਂ ਸੀ ਕਰਦੀ, ਇਸੇ ਤਰ੍ਹਾਂ ਗੁਰੂ ਹਰਿ ਕ੍ਰਿਸ਼ਨ ਸਾਹਿਬ ਵੀ ਵਰਨ-ਆਸ਼ਰਮ ਤੇ ਜਾਤਿ-ਪਾਤਿ ਜੀਆਂ ਵੰਡਾਂ ਨੂੰ 'ਕੋਹੜ' ਕਹਿ ਕੇ ਜੜ੍ਹੋਂ ਪੁੱਟਣ ਦਾ ਨਿਰੰਤਰ ਯਤਨ ਕਰਦੇ ਰਹੇ। ਇਤਿਹਾਸ ਸਾਖੀ ਹੈ ਕਿ ਬਿਬੇਕ-ਬੁਧਿ-ਪ੍ਰਕਾਸ਼ ਪ੍ਰਦਾਨ ਕਰਨ ਵੇਲੇ ਗੁਰੂ


www.AKJ.Org

ਹਰਿ ਕ੍ਰਿਸ਼ਨ ਸਾਹਿਬ ਨੇ ਪੰਡਿਤ ਅਤੇ ਮਾਹੀ ਵਿੱਚ ਅੰਤਰ (ਫ਼ਰਕ) ਨਹੀਂ ਜਾਤਾ। ਮਾਨਵ ਰੂਪ ਵਿੱਚ ਹਰ ਕੋਈ ਗਿਆਨ ਪ੍ਰਾਪਤ ਕਰ ਸਕਦਾ ਹੈ। ਸਮਕਾਲੀ ਜੀਵਨ ਵਿੱਚ ਕੁੜੀ ਮਾਰਨੀ, ਤਮਾਕੂ-ਨੋਸ਼ੀ, ਜੂਆ ਖੇਡਣਾ ਤੇ ਸ਼ਰਾਬ ਪੀਣੀ, ਇਹ ਮੰਦ ਆਦਤਾਂ ਬੜੀਆਂ ਵਿਆਪਕ ਸਨ। ਗੁਰੂ ਹਰਿਕ੍ਰਿਸ਼ਨ ਸਾਹਿਬ ਆਪਣੀ ਪ੍ਰਚਾਰ-ਯਾਤਰਾ ਵਿੱਚ ਖੁਲ੍ਹੇ ਤੌਰ 'ਤੇ ਆਖਦੇ ਕਿ ਇਹ ਮੰਦ ਆਦਤਾਂ ਧਰਮ-ਵਿਰੋਧੀ ਹਨ, ਤੁਹਾਡੇ ਧਰਮੀ ਬਣਨ ਵਿੱਚ ਰੁਕਾਵਟਾਂ ਹਨ, ਇਹਨਾਂ ਨੂੰ ਤਿਆਗੋ। ਗੁਰੂ ਸਾਹਿਬ ਦੇ ਇਥੋਂ ਤਕ ਆਦੇਸ਼ ਸਨ ਕਿ ਮੰਦ-ਆਦਤਾਂ ਵਾਲਾ, ਖ਼ਾਸ ਕਰ ਕੇ, 'ਕੁੜੀ ਮਾਰ' ਸੰਗਤ ਵਿੱਚ ਨਹੀਂ ਬੈਠ ਸਕਦਾ। ਗੁਰੂ ਹਰਿਕ੍ਰਿਸ਼ਨ ਸਾਹਿਬ ਨੇ ਆਪਣੇ ਗੁਰੂ-ਪਿਤਾ ਦੇ ਆਦੇਸ਼ ਅਨੁਸਾਰ ਧਰਮ-ਦੋਖੀ ਧੀਰ ਮੱਲ ਤੇ ਰਾਮਰਾਈਆਂ ਨੂੰ ਵੀ ਨਾ ਗੁਰੂ-ਦਰਬਾਰ ਦੇ ਨੇੜੇ ਲੱਗਣ ਦਿੱਤਾ ਅਤੇ ਨਾ ਹੀ ਰੋਟੀ-ਬੇਟੀ ਦੀ ਕੋਈ ਸਾਂਝ ਰੱਖੀ। ਗੁਰੂ ਅਮਰਦਾਸ ਜੀ ਤੇ ਗੁਰੂ ਅਰਜਨ ਦੇਵ ਜੀ ਦੇ ਵੇਲੇ ਤੋਂ, ਜਿਹੜੇ ਪੀੜ੍ਹੀ-ਦਰ-ਪੀੜ੍ਹੀ ਧਰਮ ਪ੍ਰਚਾਰ ਅਤੇ ਗੋਲਕ ਭੇਜਣ ਲਈ ਮਸੰਦ ਸਥਾਪਿਤ ਸਨ, ਗੁਰੂ ਹਰਿਕ੍ਰਿਸ਼ਨ ਸਾਹਿਬ ਨੇ ਉਹਨਾਂ ਨਾਲ ਵੀ ਪੂਰਾ ਮੇਲ-ਮਿਲਾਪ ਰੱਖਿਆ। ਜਿਨ੍ਹਾਂ ਮਸੰਦਾਂ ਬਾਰੇ ਗੁਰੂ-ਦਰਬਾਰ ਵਿੱਚ ਸ਼ਿਕਾਇਤਾਂ ਸਨ, ਗੁਰੂ ਹਰਿਕ੍ਰਿਸ਼ਨ ਸਾਹਿਬ ਨੇ ਉਹਨਾਂ ਨੂੰ ਠੀਕ ਹੋਣ ਵਾਸਤੇ ਕੇਵਲ ਚੇਤਾਵਨੀਆਂ ਹੀ ਨਾ ਭੇਜੀਆਂ, ਸਗੋਂ ਸੋਧਣ ਵਾਸਤੇ ਵੀ ਪ੍ਰਬੰਧ ਕੀਤੇ। ਗੁਰੂ-ਪਰੰਪਰਾ ਤੇ ਸਿੱਖ ਲਹਿਰ ਨੂੰ ਸਥਾਪਿਤ ਕਰਨ ਅਤੇ ਵਿਕਸਿਤ ਕਰਨ ਵਿੱਚ ਗੁਰੂ-ਹਰਿਕ੍ਰਿਸ਼ਨ ਸਾਹਿਬ ਦਾ ਯੋਗਦਾਨ ਕਿਸੇ ਤਰ੍ਹਾਂ ਵੀ ਘਟ ਨਹੀਂ।

(੬)

ਗੁਰੂ-ਸਿੰਘਾਸਣ ਭਾਵੇਂ ਕਰਤਾਰਪੁਰ ਵਿਚ ਸੀ, ਖਡੂਰ ਸਾਹਿਬ, ਗੋਇੰਦਵਾਲ, ਅੰਮ੍ਰਿਤਸਰ, ਕੀਰਤਪੁਰ ਜਾਂ ਦਿੱਲੀ ਵਿਚ, ਗੁਰੂ-ਪਾਤਿਸ਼ਾਹ ਜਿਥੇ ਵੀ ਬਿਰਾਜਦੇ, ਉਹ ਸਥਾਨ ਸਹਿਜੇ ਹੀ ਪਾਵਨ ਤੇ ਪਵਿੱਤਰ ਹੋ ਜਾਂਦੇ। ਜੋ ਜਸ, ਮਹਿਮਾ ਤੇ ਪ੍ਰਭਾਵ ਗੁਰੂ ਹਰਿਕ੍ਰਿਸ਼ਨ ਸਾਹਿਬ ਦੀ ਯਾਦ ਵਿੱਚ ਸਥਿਤ 'ਗੁਰਦੁਆਰਾ ਬੰਗਲਾ ਸਾਹਿਬ' ਦਾ ਹੈ, ਉਸ ਦਾ ਆਪਣਾ ਹੀ ਇਤਿਹਾਸਕ ਮਹੱਤਵ ਹੈ। ਇਹ ਗੁਰਦੁਆਰਾ ਬੰਗਲਾ ਸਾਹਿਬ ਦਾ ਸਥਾਨ ਹੀ ਹੈ, ਜਿਥੇ ਗੁਰੂ ਹਰਿ ਕ੍ਰਿਸ਼ਨ ਸਾਹਿਬ ਨੇ ਬਿਰਾਜਮਾਨ ਹੋ ਕੇ ਸੰਗਤਾਂ ਨੂੰ ਦਰਸ਼ਨ-ਦੀਦਾਰ ਵੀ ਦਿਤੇ, ਗੁਰੂ-ਬਾਣੀ-ਉਪਦੇਸ਼ ਸੁਣਾ ਸੁਣਾ ਲੋਕਾਂ ਨੂੰ ਸੁਖ, ਸ਼ਾਂਤੀ ਤੇ ਸਹਿਜ ਵੀ ਪ੍ਰਦਾਨ ਕੀਤਾ। ਅੰਮ੍ਰਿਤ ਜਲ ਪਿਲਾ-ਪਿਲਾ ਸਭ ਦੁਖਾਂ ਤੋਂ ਮੁਕਤ ਵੀ ਕੀਤਾ। ਇਤਿਹਾਸਕਾਰ ਸਾਖੀ ਹਨ ਕਿ ਗੁਰੂ ਹਰਿ ਕ੍ਰਿਸ਼ਨ ਸਾਹਿਬ ਦਾ ਇੰਨਾ ਪ੍ਰਭਾਵ ਵਧਿਆ ਕਿ ਰਾਜ-ਸੱਤਾ ਦਾ ਮੁੱਖ ਅਧਿਕਾਰੀ 'ਔਰੰਗਾ' ਵੀ ਇਕ ਦਿਨ ਗੁਰੂ ਹਰਿਕ੍ਰਿਸ਼ਨ ਸਾਹਿਬ ਦੇ ਦਰਸ਼ਨ ਕਰਨ ਤੇ ਮੇਲ-ਮੁਲਾਕਾਤ ਲਈ ਗੁਰਦੁਆਰਾ ਬੰਗਲਾ ਸਾਹਿਬ ਦੀ ਦਹਿਲੀਜ਼ ਉਤੇ ਅੱਧੀ ਘੜੀ ਖੜਾ ਰਿਹਾ ਪਰ ਗੁਰੂ-ਪਾਤਿਸ਼ਾਹ ਨੇ ਧਰਮ-ਦੋਖੀ ਹੋਣ ਕਰਕੇ ਦਰਸ਼ਨ ਦੇਣ ਤੇ ਮੁਲਾਕਾਤ ਕਰਨ ਤੋਂ ਸਾਫ਼ ਇਨਕਾਰ ਕਰ ਦਿੱਤਾ। ਰਾਜਾ ਜੈ ਸਿੰਘ ਨੇ ਭਾਵੇਂ ਕਈ ਯਤਨ ਕੀਤੇ ਪਰ ਇਹ ਸਪੱਸ਼ਟ ਹੈ ਕਿ ਗੁਰੂ ਹਰਿਕ੍ਰਿਸ਼ਨ ਸਾਹਿਬ ਨੇ ਗੁਰੂ ਪਰੰਪਰਾ ਅਨੁਸਾਰ ਰਾਜ-ਸੱਤਾ ਦੇ ਅਧਿਕਾਰੀਆਂ ਨਾਲ ਕੋਈ ਸਾਂਝ-ਸਮਝੌਤਾ ਨਾ ਕੀਤਾ। ੩੦ ਮਾਰਚ, ੧੬੬੪ ਈ: ਵਿੱਚ ਜਦੋਂ ਗੁਰੂ ਹਰਿਕ੍ਰਿਸ਼ਨ ਸਾਹਿਬ ਨੇ ਆਪਣਾ ਸਰੀਰਕ-ਕਾਲ ਨੇੜੇ ਜਾਤਾ ਤਾਂ ਦਿੱਲੀ ਤੋਂ ਹੀ ਉਹਨਾਂ ਨੇ 'ਬਾਬਾ ਬਕਾਲਾ' ਦਾ ਸੰਕੇਤ ਦੇ ਕੇ, ਗੁਰੂ-ਸਿੰਘਾਸਣ ਦੇ ਨੌਵੇਂ ਪਾਤਿਸ਼ਾਹ-ਗੁਰੂ ਤੇਗ਼ ਬਹਾਦਰ ਜੀ ਦੀ ਚੋਣ ਕੀਤੀ ਸੀ। ਗੁਰੂ-ਸਿੰਘਾਸਣ ਲਈ ਗੁਰੂ ਤੇਗ਼ ਬਹਾਦਰ ਜੀ ਦੀ ਚੋਣ ਨਿਸਚੇ ਹੀ ਸਰਬ-ਪੱਖੋਂ ਯੋਗ ਤਾਂ ਸੀ ਹੀ ਪਰ ਗੁਰੂ-ਪਰੰਪਰਾ ਤੇ ਸਿੱਖ ਲਹਿਰ ਨੂੰ ਸੰਭਾਲਣ ਤੇ ਅਗਵਾਈ ਪ੍ਰਦਾਨ ਕਰਨ ਦੇ ਸਮੱਰਥ ਵੀ ਸੀ। ਗੁਰੂ-ਪਰੰਪਰਾ ਤੇ ਸਿੱਖ ਲਹਿਰ ਨੂੰ ਯੋਗ, ਲਾਇਕ ਤੇ ਸਮਰੱਥ 'ਗੁਰੂ-ਆਗੂ' ਗੁਰੂ ਤੇਗ਼ ਬਹਾਦਰ ਜੀ ਦੇ ਰੂਪ ਵਿੱਚ ਪ੍ਰਦਾਨ ਕਰਨਾ, ਇਹ ਅਸ਼ਟਮ ਬਲਬੀਰਾ-ਗੁਰੂ ਹਰਿਕ੍ਰਿਸ਼ਨ ਸਾਹਿਬ ਦਾ ਪਰੰਪਰਾ ਰੂਪ ਵਿੱਚ, ਬਿਬੇਕ-ਬੁਧਿ ਵਾਲਾ ਫ਼ੈਸਲਾ ਵੀ ਹੈ ਅਤੇ ਅਦੁੱਤੀ ਯੋਗਦਾਨ ਵੀ ਹੈ। ਗੁਰੂ ਹਰਿਕ੍ਰਿਸ਼ਨ ਸਾਹਿਬ ਦਾ ਗੁਰੂ-ਸਿੰਘਾਸਣ ਕਾਲ ਭਾਵੇਂ ਬਹੁਤ ਘਟ ਹੈ ਪਰ ਉਹਨਾਂ ਦੀ ਪਦ-ਪਦਵੀ ਤੇ ਯੋਗਦਾਨ ਬਾਕੀ ਗੁਰੂ-ਪਾਤਿਸ਼ਾਹਾਂ ਵਾਂਗ ਹੀ ਵੱਡਾ ਤੇ ਪ੍ਰਭਾਵਸ਼ਾਲੀ ਹੈ।


www.AKJ.Org

# ਸ੍ਰੀ ਗੁਰੂ ਹਰਿ ਕ੍ਰਿਸ਼ਨ ਜੀ

(ਪ੍ਰਿੰਸੀਪਲ ਹਰਭਜਨ ਸਿੰਘ ਜੀ)

ਦਰਸ਼ਨ ਸ੍ਰੀ ਹਰਿ ਕ੍ਰਿਸ਼ਨ ਕ, ਨਿਪੁਨ ਹਰਨ ਜੁਰ ਤੀਨ।
ਚਰਨ ਮਨੋਹਰ ਬੰਦਨਾ, ਜਿਨ ਸਿੱਖਨ ਸੁਖਿ ਕੀਨ੍ਹ। (ਸ੍ਰੀ ਗੁਰੂ ਨਾਨਕ ਪ੍ਰਕਾਸ਼)

ਅਰਥ :- ਸ੍ਰੀ ਗੁਰੂ ਹਰਿ ਕ੍ਰਿਸ਼ਨ ਜੀ ਦਾ ਦਰਸ਼ਨ ਤਿੰਨਾਂ ਤਾਪਾਂ (ਜੁਰ,ਆਧਿ, ਬਿਆਧਿ, ਉਪਾਧਿ) ਨੂੰ ਦੂਰ ਕਰਨ ਲਈ ਪ੍ਰਬੀਨ (ਨਿਪੁੰਨ) ਹੈ। ਮੇਰੀ ਉਨ੍ਹਾਂ ਦੇ ਮਨ ਮੋਹ ਲੈਣ ਵਾਲੇ ਚਰਨਾਂ ਨੂੰ ਨਮਸਕਾਰ ਹੈ, ਜਿਨ੍ਹਾਂ ਚਰਨਾਂ ਨੇ ਸਿਖਾਂ ਨੂੰ ਸੁਖੀ ਕੀਤਾ ਹੈ)

**ਗੁਰੂ ਜੀ ਦੀ ਜਗਤ-ਫੇਰੀ ਦਾ ਸੰਖੇਪ**

**ਜਨਮ-** ਸਾਵਣ ਵਦੀ 10 (8ਸਾਵਣ) ਸੰਮਤ 1713, ਮੁਤਾਬਿਕ 7 ਜੁਲਾਈ, ਸੰਨ 1656

**ਜਨਮ ਅਸਥਾਨ-** ਸ਼ੀਸ਼ ਮਹਿਲ, ਕੀਰਤਪੁਰ।

**ਮਾਤਾ-ਪਿਤਾ** ਸ੍ਰੀ ਮਾਤਾ ਕਿਸ਼ਨ (ਕ੍ਰਿਸ਼ਨ) ਕੌਰ ਜੀ, ਪਿਤਾ ਸ੍ਰੀ ਗੁਰੂ ਹਰਿ ਰਾਇ ਸਾਹਿਬ ਜੀ।

**ਗੁਰਿਆਈ-** ਕੀਰਤਪੁਰ, ਕਤਕ ਵਦੀ 10 (6 ਤਕਤ) ਸੰਮਤ 1718, ਸੋਮਵਾਰ, 7 ਅਕਤੂਬਰ, ਸੰਨ 1661

**ਜੋਤੀ ਜੋਤ ਸਮਾਏ-** ਚੇਤ ਸੁਦੀ 14 (3 ਵਿਸਾਖ) ਸੰਮਤ 1721, ਬੁਧਵਾਰ, 30 ਮਾਰਚ ਸੰਨ 1664, ਦਿੱਲੀ ਵਿਚ।

## "ਜਿਸ ਡਿਠੇ ਸਭਿ ਦੁਖ ਜਾਇ"

ਸ੍ਰੀ ਗਰੂ ਨਾਨਕ ਦੇਵ ਜੀ ਅਤੇ ਉਹਨਾਂ ਦੀ ਜ਼ੋਤ ਬਾਕੀ ਗੁਰੂ ਸਾਹਿਬਾਨ ਦੇ ਜੀਵਨ-ਚਰਿੱਤਰ ਇੱਕੋ ਮਾਲਾ ਦੇ ਮਣਕੇ ਹੁੰਦੇ ਹੋਏ ਵੀ, ਆਪਣੀ ਆਪਣੀ ਥਾਂ, ਬਜ਼ਾਹਰ ਇਤਨੇ ਵਿਚਿੱਤ੍ਰ ਅਤੇ ਭੇਦ ਦੇ ਭਾਵ-ਪੂਰਤ ਹਨ ਕਿ ਇਨਸਾਨੀ ਅਕਲ ਦੰਗ ਰਹਿ ਜਾਂਦੀ ਹੈ, ਅਤੇ ਸ਼ਰਧਾਲੂ ਸਾਦਕਤੇ ਮਨ ਵਿਸਮਾਦਤ ਹੋ, ਅਗੰਮੀ ਤੇ ਅਰਸ਼ੀ ਮੰਡਲਾਂ ਵਿਚ ਗਵਾਚ ਜਾਂਦੇ ਹਨ।

239 ਸਾਲ, ਨੌਂ ਕੁ ਮਹੀਨ੍ਹੇ ਦੇ ਗੁਰੂ-ਕਾਲ ਵਿਚ ਹਰੇਕ ਗੁਰੂ ਵਿਅਕਤੀ ਨੇ, ਆਦਿ ਵਿਚ ਹੀ ਮਿਥੀ ਗਈ ਵਿਉਂਤ ਤੇ ਜੁਗਤ ਅਨੁਸਾਰ, ਜ਼ਿੰਦਗੀ ਦੇ ਕਿਸੇ ਨਾ ਕਿਸੇ ਵਿਸ਼ੇਸ਼ ਪਹਿਲੂ ਅਥਵਾ ਪਹਿਲੂਆਂ (ਪੱਖਾਂ) ਨੂੰ ਉਜਾਗਰ ਕੀਤਾ ਅਤੇ ਜਗਿਆਸੂ ਲਈ ਜੀਵਨ-ਜੁਗਤੀ ਦੀਆਂ ਘੁੰਡੀਆਂ ਖੋਲ੍ਹੀਆਂ ਹਨ। ਇਹ ਸਿਲਸਿਲਾ ਉਦੋਂ ਤਕ ਜਾਰੀ ਰਿਹਾ ਜਦ ਤੀਕ, 230 ਸਾਲ ਉਪ੍ਰੰਤ, 1699 ਦੀ ਪਾਵਨ ਵੈਸਾਖੀ ਵਾਲੇ ਦਿਨ, ਇਕ ਪੂਰਨ ਮਨੁੱਖ—ਖਾਲਸੇ—ਦੀ ਘਾੜਤ ਘੜ ਕੇ ਉਸ ਨੂੰ ਹੋਰ ਨੌਂ ਦਸ ਸਾਲ ਆਪਣੀ ਦੇਖ ਰੇਖ ਵਿਚ ਪਰਪੱਕ ਨਾ ਕਰ ਦਿੱਤਾ ਗਿਆ। ਮਨੁੱਖ -ਬੁੱਧ ਨੂੰ ਚਕ੍ਰਿਤ ਕਰਨ ਵਾਲਾ ਵੱਡ ਚਮਤਕਾਰ ਇਹ ਹੈ ਕਿ ਗੁਰੂਆਂ ਦੇ ਕੇਵਲ ਸਰੀਰ ਬਦਲੇ; ਪ੍ਰੰਤੂ ਜੋਤ ਤੇ ਜੁਗਤੀ ਇੱਕ ਸਮਾਨ ਇੱਕੋ ਹੀ ਵਰਤੀ। ਜੋਤ ਤੇ ਜੁਗਤ ਦੇ ਅੱਗੇ ਤੁਰਨ ਵਿਚ ਨਾ ਸਰੀਰਾਂ ਦੀ ਤਬਦੀਲੀ ਹੀ ਬਾਧਕ ਹੋਈ, ਅਤੇ ਨਾ ਹੀ ਆਯੂ ਦਾ ਵੱਡਾ ਜਾਂ ਛੋਟਾ ਹੋਣਾ । ਸ਼ੈਖ ਸਾਅਦੀ ਵੱਲੋਂ ਦਰਸਾਈ ਗਈ ਇਸ ਸਚਾਈ ਦਾ ਸਭ ਤੋਂ ਵੱਡਾ ਪ੍ਰਮਾਣ ਏਸੇ ਗੁਰੂ-ਚਰਿੱਤ੍ਰ ਤੋਂ ਹੀ ਮਿਲਦਾ ਹੈ: "ਬਜ਼ੁਰਗੀ ਬ-ਅਕਲ ਨ ਬਸਾਲ।" ਭਾਵ- ਵਡਿਆਈ, ਨਿਰਮਲ ਬੁਧ ਤੇ ਗੁਣਾਂ ਉਤੇ ਨਿਰਭਰ ਹੈ, ਨਾ ਕਿ ਵੱਡੀ ਉਮਰ ਉੱਤੇ।

ਇਹੀ ਕਾਰਨ ਹੈ ਕਿ ਜੇ 94 ਸਾਲ ਦੀ ਬਿਰਧ ਆਯੂ ਵਿਚ, ਗੁਰੂ ਅਮਰ ਦਾਸ ਜੀ, ਸ੍ਰੀ ਗੁਰੂ ਨਾਨਕ ਦੇਵ ਜੀ ਵਲੋਂ ਚਲਾਏ ਨਿਰਮਲ ਪੰਥ ਨੂੰ ਪਰਚਾਰਦੇ ਤੇ ਪਰਪੱਕ ਕਰਦੇ ਦਿਸਦੇ ਹਨ ਤਾਂ ਉਵੇਂ ਹੀ ਬਾਲ-ਗੁਰੂ ਸ੍ਰੀ ਗੁਰੂ ਹਰਿ ਕ੍ਰਿਸ਼ਨ ਜੀ ਵੀ ਉਸੇ ਗਾਡੀ-ਰਾਹ ਉਤੇ ਗੁਰਸਿੱਖਾਂ ਦੀ ਸਹੂਲਤ ਤੇ ਸੁੱਖ ਸ਼ਾਂਤੀ ਲਈ ਨਵੇਂ ਮੀਲ-ਪੱਥਰ ਗੱਡਦੇ ਵਿਖਾਈ ਦਿੰਦੇ ਹਨ।

ਆਓ, ਦੁਨੀਆਂ ਵਿਚ ਵਰਤੇ ਇਸ ਅਜੂਬੇ ਨੂੰ ਸਮਝਣ ਤੇ ਕਿਸੇ ਅਗੰਮੀ ਸਰੂਰ ਵਿੱਚ ਅਨੰਦਤ ਹੋਣ ਲਈ "ਬਾਲਾ ਪ੍ਰੀਤਮ" ਜੀ ਦੇ ਵਚਿੱਤ੍ਰ ਜੀਵਨ-ਚਰਿਤ੍ਰਾਂ ਉਤੇ ਇਕ ਸੰਖੇਪ ਜੇਹੀ ਝਾਤ ਮਾਰੀਏ :-

ਆਪ ਜੀ ਦਾ ਅਵਤਾਰ, ਸਾਵਣ ਵਦੀ 20 ਸੰਮਤ : 1713 ਮੁਤਾਬਿਕ, ਜੁਲਾਈ 1656 ਨੂੰ "ਸ਼ੀਸ਼ ਮਹਿਲ" ਕੀਰਤਪੁਰ (ਰੋਪੜ) ਵਿਖੇ ਗੁਰੂ ਹਰਿ ਰਾਇ ਜੀ ਦੇ ਘਰ, ਸ੍ਰੀ ਮਾਤਾ ਕ੍ਰਿਸ਼ਨ ਕੌਰ ਜੀ ਦੀ ਕੁਖੋਂ



www.AKJ.Org

ਹੋਇਆ। ਆਪ ਜੀ ਦੀ ਸੰਖੇਪ ਜੇਹੀ ਜੀਵਨ ਯਾਤਰਾ ਵਿਚ ਵਾਪਰੀਆਂ ਕੁੱਝ ਕੁ ਉੱਘੀਆ ਘਟਨਾਵਾ ਦਾ ਬਿਉਰਾ ਤੇ ਮਹੱਤਵ ਇਸ ਪ੍ਰਕਾਰ ਹੈ:-

(1) ਗੁਰਿਆਈ : ਗੁਰੂ ਘਰ ਦੀ ਇਹ ਮਰਯਾਦਾ ਰਹੀ ਹੈ ਕਿ ਗੁਰ ਗੱਦੀ ਅਥਵਾ ਸਰਦਾਰੀ, ਦੁਨੀਆਂ ਦੀ ਰੀਤ ਦੇ ਵਿਪਰੀਤ, ਯੋਗਤਾ ਦੇ ਆਧਾਰ ਉਤੇ ਹੀ ਬਖਸ਼ੀ ਜਾਵੇ। ਸ੍ਰੀ ਗੁਰੂ ਜੀ ਦੇ ਵੱਡੇ ਭਰਾ, ਰਾਮ ਰਾਏ ਬੜੇ ਸਿਆਣੇ, ਚਤੁਰ, ਨੀਤੀ ਨਿਪੁੰਨ ਤੇ ਸਿਖ-ਸੰਗਤਾਂ ਤੇ ਮਸੰਦਾਂ ਵਿਚ ਸਤਿਕਾਰ ਦੀ ਨਿਗਾਹ ਨਾਲ ਵੇਖੇ ਜਾਂਦੇ ਸਨ। ਜਦ ਔਰੰਗਜ਼ੇਬ ਨੇ ਗੁਰੂ ਹਰਿ ਰਾਇ ਜੀ ਨੂੰ ਦਿੱਲੀ ਬੁਲਾ ਭੇਜਿਆ ਤਾਂ ਉਨ੍ਹਾਂ ਨੇ ਆਪਣੀ ਥਾਂ ਰਾਮ ਰਾਏ ਨੇ ਭੇਜਿਆ ਅਤੇ ਨਾਲ ਹੀ ਹਰ ਤਰ੍ਹਾਂ ਨਾਲ ਚੋਕਸ ਰਹਿਣ ਦੀ ਹਦਾਇਤ ਕੀਤੀ। ਪ੍ਰੰਤੂ, ਜਦ ਰਾਮ ਰਾਏ ਨੇ, ਬਾਦਸ਼ਾਹ ਦੀ ਖੁਸ਼ਨੂਦੀ ਹਾਸਲ ਕਰਨ ਦਾ ਅਯੋਗ ਜਤਨ ਕੀਤਾ ਤੇ ਗੁਰੂ ਨਾਨਕ ਦੀ ਬਾਣੀ ਦੀ ਇੱਕ ਤੁਕ "ਮਿਟੀ ਮੁਸਲਮਾਨ ਕੀ" ਦੀ ਥਾਂ "ਮਿਟੀ ਬੇਈਮਾਨ ਕੀ" ਕਹਿਣ ਦੀ, ਜਾਣਦਿਆਂ ਬੁਝਦਿਆਂ, ਘੋਰ ਅਵੱਗਿਆ ਕੀਤੀ, ਤਾਂ ਗੁਰੂ ਹਰਿ ਰਾਏ ਜੀ ਨੇ ਉਸ ਨੂੰ ਮੁੜ ਮੂੰਹ ਨਾ ਲਾਇਆ ਤੇ ਸਦਾ ਲਈ ਤਿਆਗ ਦਿੱਤਾ।

ਗੁਰਬਾਣੀ ਦਾ ਇੰਨਾ ਵੱਡਾ ਸਤਿਕਾਰ ਤੇ ਅਸੂਲ-ਪ੍ਰਸਤੀ, ਅਤੇ ਇਤਨੀ ਦ੍ਰਿੜਤਾ ਸਿੱਖ ਇਤਿਹਾਸ ਦਾ ਇੱਕ ਅਤਿ ਸੁਨਹਿਰੀ ਤੇ ਅਦੁੱਤੀ ਪੰਨਾ ਅਤੇ ਗੁਰ-ਮਾਰਗ ਉਤੇ ਚੱਲਣ ਲਈ ਰੌਸ਼ਨ ਮੁਨਾਰਾ ਹੈ। ਦੁਨੀਆਂ ਕੀ ਜਾਨੈ ।

(੨) ਦਿਲੀ ਯਾਤਰਾ : ਗੁਰੂ ਹਰਿ ਰਾਏ ਜੀ ਦੀ ਨੀਤੀ ਇਹ ਸੀ ਕਿ "ਨਹਿ ਮਲੇਸ਼ ਕੋ ਦਰਸ਼ਨ ਦੇ ਹੈ।" ਆਪ ਜੀ ਨੇ ਗੁਰੂ ਹਰਿ ਕ੍ਰਿਸ਼ਨ ਜੀ ਨੂੰ ਵੀ , ਅਕਤੂਬਰ, 1661 ਵਿੱਚ ਗੱਦੀ ਦੇਣ ਉਪਰੰਤ, ਇਸੇ ਨੀਤੀ ਨੂੰ ਅਪਨਾਉਣ ਦੀ ਆਗਿਆ ਕੀਤੀ ਸੀ। ਰਾਮ ਰਾਇ ਇਸ ਗਲ ਦਾ ਭੇਤੀ ਸੀ ਤੇ ਇਸੇ ਕਰਕੇ, ਬਾਦਸ਼ਾਹ ਵੀ ਇਸ ਤੋਂ ਅਣਜਾਣ ਨਹੀਂ ਸੀ। ਸੋ, ਬਾਦਸ਼ਾਹ ਨੇ ਸਿੱਧਾ ਆਪ ਲਿਖਣ ਦੀ ਥਾਂ, ਮਿਰਜ਼ਾ ਰਾਜਾ ਜੈ ਸਿੰਘ ਪਾਸੋਂ ਗੁਰੂ ਜੀ ਵਲ, ਦਿੱਲੀ ਫੇਰੀ ਪਾਉਣ ਹਿਤ, ਪੱਤਰ ਲਿਖਵਾਇਆ; ਪ੍ਰੰਤੂ, ਗੁਰੂ ਜੀ ਨੇ ਨਾਂਹ ਕਰ ਦਿੱਤੀ। ਹਾਂ, ਜਦ ਦਿਲੀ ਦੀ ਸੰਗਤ ਦੀ, ਦਰਸ਼ਨ ਹਿੱਤ ਲਿਖੀ ਚਿੱਠੀ, ਰਾਜੇ ਦੇ ਅਹਿਲਕਾਰਾਂ ਨੇ ਪੜ੍ਹਕੇ ਸੁਣਾਈ ਤਾਂ ਆਪ ਜੀ ਨੇ ਕਿਹਾ, "ਜਿਥੇ ਸੰਗਤ ਯਾਦ ਕਰੇਗੀ, ਉਥੇ ਅਸੀਂ ਜ਼ਰੂਰ ਪੁੱਜਾਂਗ।"

ਦਿੱਲੀ ਦੇ ਰਾਹ ਵਿਚ ਵਾਪਰੀਆਂ ਘਟਨਾਵਾਂ ਵਿਚੋਂ, ਇਹ ਘਟਨਾ ਬੜੀ ਅਲੌਕਿਕ ਅਤੇ ਸਤਿਗੁਰੂ ਜੀ ਦੀ ਪ੍ਰਤਿਭਾ ਨੂੰ ਵਧਾਉਣ ਵਾਲੀ ਹੈ:

ਗੁਰੂ ਜੀ ਨੇ ਪਹਿਲੀ ਰਾਤ ਪੰਜੋਖਰੇ ਕੱਟੀ। ਉਥੋਂ ਦਾ ਹੰਕਾਰੀ ਪੰਡਤ ਲਾਲ ਚੰਦ, ਆਪ ਜੀ ਨੂੰ ਮਿਲਿਆ ਤੇ ਕਹਿਣ ਲੱਗਾ। "ਤੁਸੀਂ ਆਪਣੇ ਆਪ ਨੂੰ ਗੁਰੂ ਹਰਿ ਕ੍ਰਿਸ਼ਨ ਅਖਵਾਉਂਦੇ ਹੋ, ਵੱਡੇ ਬਣਦੇ ਹੋ। ਓਹਨਾਂ ਤਾਂ ਗੀਤਾ ਰਚੀ ਸੀ, ਤੁਸੀਂ ਉਸਦੇ ਅਰਥ ਹੀ ਕਰਕੇ ਵਿਖਾਓ ਅਤੇ ਮੇਰੇ ਨਾਲ ਸ਼ਾਸਤਰਾਰਥ ਕਰ ਲਵੋ"

ਗੁਰੂ-ਨਾਨਕ-ਘਰ ਵਿਚੋਂ, ਧੁਰੋਂ ਪ੍ਰਾਪਤ ਹੋਈ ਨਿਮਰਤਾ ਦੇ ਧਾਰਨੀ ਸਤਿਗੁਰੂ ਜੀ ਬੋਲੇ, "ਭਾਈ, ਅਸੀਂ ਤੇ ਅਕਾਲ ਪੁਰਖ ਦੇ ਸੇਵਕ ਹਾਂ। ਕਲਾ ਅਕਾਲ ਪੁਰਖ ਦੀ ਹੀ ਵਰਤਦੀ ਹੈ, ਅਸੀਂ ਤੇਰੇ ਨਾਲ ਸ਼ਾਸਤਾਰਾਰਥ ਤਾਂ ਫੇਰ ਕਰਾਂਗੇ, ਪਹਿਲਾਂ ਨਗਰ ਵਿਚੋਂ ਆਪਣੀ ਮਰਜ਼ੀ ਦਾ ਕੋਈ ਬੰਦਾ ਲੈ ਆ। ਸ੍ਰੀ ਗੁਰੂ ਨਾਨਕ ਦੇਵ ਦੀ ਅਜ਼ਮਤ ਤੇ ਮੇਹਰ ਦੁਆਰਾ ਉਹ ਗੀਤਾ ਦੇ ਅਰਥ ਕਰਕੇ ਤੇਰੀ ਨਿਸ਼ਾ ਕਰੇਗਾ।"

ਪੰਡਤ ਲਾਲ ਚੰਦ ਗਿਆ ਤੇ ਝੀਵਰ ਛੱਜੂ ਨੂੰ, ਜੋ ਮੂਲੋਂ ਅਨਪੜ੍ਹ ਤੇ ਮਹਾ ਮੂਰਖ ਸੀ, ਨਾਲ ਲੈ ਆਇਆ। ਸਤਿਗੁਰਾਂ ਨੇ ਉਸ ਨੂੰ ਨਦਰੀ ਨਦਰ ਨਿਹਾਲ ਕੀਤਾ ਤੇ ਕਿਹਾ ਕਿ ਉਹ ਪੰਡਤ ਦੀ ਨਿਸ਼ਾ ਕਰੇ। ਗੁਰੂ ਜੀ ਨੇ ਉਸ ਦੇ ਨੇਤਰਾਂ ਵਿਚ ਨੇਤਰ ਪਾਏ ਤੇ ਸਿਰ ਉਤੇ ਆਪਣੀ ਸੋਟੀ ਰੱਖ ਦਿੱਤੀ। ਪੰਡਤ ਨੇ ਗੀਤ ਦੇ ਔਖੇ ਤੋਂ ਔਖੇ ਸਲੋਕਾਂ ਦੇ ਅਰਥ ਪੁੱਛੇ, ਜਿਨ੍ਹਾਂ ਦੇ ਛੱਜੂ ਨੇ ਤੁਰੰਤ ਅਰਥ ਕਰ ਦਿਤੇ। ਪੰਡਤ ਇਹ ਕੌਤਕ ਵੇਖਕੇ ਸਤਿਗੁਰੂ ਜੀ ਦੀ ਚਰਨੀ ਢੱਠਾ, ਮਾਫੀ ਮੰਗੀ ਤੇ ਸਿਖ ਬਣਿਆ।

(3) ਦਿਲੀ ਬਿਸਰਾਮ : ਦਿੱਲੀ ਵਿਚ ਗੁਰੂ ਜੀ ਰਾਜਾ ਜੈ ਸਿੰਘ ਦੇ ਬੰਗਲੇ; ਜਿਥੇ ਅੱਜ ਕਲ ਗੁਰਦੁਆਰਾ ਬੰਗਲਾ ਸਾਹਿਬ ਹੈ, ਠਹਿਰੇ। ਬਾਦਸ਼ਾਹ ਨੇ ਦਰਸ਼ਨਾਂ ਲਈ ਇੱਛਾ ਪ੍ਰਗਟ ਕੀਤੀ ਤਾਂ ਆਪ ਨੇ ਪਿਤਾ ਜੀ ਵਲੋਂ ਕੀਤੇ ਗਏ ਆਦੇਸ਼ ਦੀ ਰੌਸ਼ਨੀ ਵਿਚ, ਉੱਤਰ ਦੇ ਭੇਜਿਆ ਕਿ ਉਨ੍ਹਾਂ ਦਾ ਵੱਡਾ ਭਰਾ ਬਾਦਸ਼ਾਹ ਪਾਸ ਹੈ। ਰਾਜਸੀ ਮਾਮਲਿਆਂ ਬਾਰੇ ਉਨ੍ਹਾਂ ਨਾਲ ਹੀ ਗੱਲ ਬਾਤ ਕਰ ਲਈ ਜਾਵੇ। ਪ੍ਰਭੂ-ਭਗਤਾਂ ਤੇ ਸੰਸਾਰੀ ਮਾਇਆ-


www.AKJ.Org

ਧਾਰੀਆਂ ਦਾ ਆਪਸ ਵਿਚ ਕੀ ਮੇਲ ? ਨਾਲੇ ਉਨ੍ਹਾਂ ਨੂੰ ਸੰਗਤਾਂ ਤੇ ਰੋਗੀਆਂ ਦੀ ਸੇਵਾ ਤੋਂ ਵੇਹਲ ਹੀ ਕਿਥੇ ? ਹਾਂ, ਬਾਦਸ਼ਾਹ ਨੂੰ ਉਪਦੇਸ਼ ਵਜੋਂ ਇਹ ਸ਼ਬਦ ਲਿਖ ਭੇਜਿਆ :-

ਕਿਆ ਖਾਧੇ, ਕਿਆ ਪੈਧੇ ਹੋਇ॥ ਜਾ ਮਨਿ ਨਾਹੀ, ਸਚਾ ਸੋਇ॥
ਕਿਆ ਮੇਵਾ, ਕਿਆ ਘਿਉ ਗੁੜ ਮਿਠਾ, ਕਿਆ ਮੈਦਾ, ਕਿਆ ਮਾਸ॥
ਕਿਆ ਕਪੜ, ਕਿਆ ਸੇਜ ਸੁਖਾਲੀ, ਕੀਜਹਿ ਭੋਗ ਬਿਲਾਸ॥
ਕਿਆ ਲਸਕਰ, ਕਿਆ ਨੇਬ ਖਵਾਸੀ, ਆਵੈ ਮਹਲੀ ਵਾਸ॥
ਨਾਨਕ, ਸਚੇ ਨਾਮ ਵਿਣੁ, ਸਭੇ ਟੋਲ ਵਿਣਾਸ॥੨॥ (ਵਾਰ ਮਾਝ ਮ:1 ਪੰਨਾ 142)

ਜਦ ਸ਼ਾਹਜ਼ਾਦਾ ਮੁਅੱਜ਼ਮ ਦਰਸ਼ਨਾਂ ਲਈ ਆਇਆ ਤਾਂ ਉਸ ਨੂੰ ਆਤਮਕ ਉਪਦੇਸ਼ ਦੇ ਕੇ ਨਿਹਾਲ ਕੀਤਾਂ। ਜਦ ਰਾਮ ਰਾਏ ਨੂੰ ਗੱਦੀ ਨ ਦਿੱਤੇ ਜਾਣ ਦੀ ਗੱਲ ਤੁਰੀ ਤਾਂ ਗੁਰੂ ਜੀ ਨੇ ਇਸ ਸਬੰਧੀ ਸ੍ਰੀ ਗੁਰੂ ਨਾਨਕ ਦੇਵ ਜੀ ਤੋਂ ਚਲੀ ਆ ਰਹੀ ਰੀਤ ਤੇ ਚੋਣ ਦੀ ਕਸੱਵਟੀ ਵੱਲ ਇਸ਼ਾਰਾ ਕਰਦਿਆਂ, ਸ਼ਾਹਜ਼ਾਦੇ ਨੂੰ ਸਮਝਾਇਆ ਕਿ ਰਾਮ ਰਾਏ ਨੇ ਕਿਵੇਂ ਬਾਦਸ਼ਾਹ ਦੇ ਲਿਹਾਜ਼ ਮੁਲਾਹਜ਼ੇ ਵਿਚ ਆਕੇ ਸ੍ਰੀ ਗੁਰੂ ਨਾਨਕ ਦੇਵ ਜੀ ਦੀ ਬਾਣੀ ਬਦਲੀ ਹੈ, ਅਤੇ ਕਿਵੇਂ ਗੱਦੀ ਬਾਰੇ ਉਸਦਾ ਦਾਅਵਾ ਝੂਠਾ ਹੈ।

(4) ਕਰਾਮਾਤੀ ਸ਼ਕਤੀ ਦੀ ਪਰਖ : ਸ਼ਾਹਜ਼ਾਦੇ ਨਾਲ ਹੋਈ ਉਪਰੋਕਤ ਵਿਚਾਰ ਤੋਂ, ਬਾਦਸ਼ਾਹ ਗੁਰੂ ਜੀ ਦੀ ਸਿਆਣਪ ਦਾ ਤਾਂ ਕਾਇਲ ਹੋ ਗਿਆ; ਪ੍ਰੰਤੂ ਇਸਲਾਮੀ ਵਿਚਾਰ-ਧਾਰਾ ਦਾ ਧਾਰਨੀ ਹੋਣ ਕਾਰਨ ਉਸ ਨੇ ਗੁਰੂ ਜੀ ਦੀ ਕਰਾਮਾਤੀ ਕਿਤੀ ਨੂੰ ਵੀ ਪਰਖਣਾ ਚਾਹਿਆ, ਅਤੇ ਇਹ ਕਾਰਜ ਰਾਜਾ ਜੈ ਸਿੰਘ ਦੇ ਜ਼ੁੰਮੇ ਲਾਇਆ। ਰਾਜਾ, ਗੁਰੂ ਜੀ ਨੂੰ, ਆਪਣੇ ਮਹਿਲਾਂ ਵਿਚ, ਇਹ ਬਿਨੈ ਕਰਕੇ ਲੈ ਗਿਆ ਕਿ ਓਥੇ ਪਟਰਾਣੀ ਤੇ ਹੋਰ ਪ੍ਰਵਾਰ ਉਨ੍ਹਾਂ ਦੇ ਦਰਸ਼ਨ ਕਰਨਾ ਲੋਚਦਾ ਹੈ। ਮਹਲਾਂ ਵਿੱਚ ਪਹੁੰਚ ਕੇ ਗੁਰੂ ਜੀ ਨੂੰ ਕਿਹਾ ਗਿਆ ਕਿ ਉਹ ਪ੍ਰਵਾਰ ਵਿਚੋਂ ਪਟਰਾਣੀ ਦੀ ਪਹਿਚਾਣ ਕਰਨ। ਆਪ ਜੀ ਹਰੇਕ ਦੇ ਸਿਰ ਉਤੇ ਸੋਟੀ ਰਖਦੇ ਹੋਏ ਇਹ ਕਹੀ ਜਾਣ ਕਿ "ਇਹ ਪਟਰਾਣੀ ਨਹੀਂ", ਪ੍ਰੰਤੂ ਜਦ ਪਟਰਾਣੀ ਦੇ ਸਿਰ ਉੱਤੇ ਸੋਟੀ ਰੱਖੀ ਤਾਂ ਕਿਹਾ "ਇਹ ਹੈ ਪਟਰਾਣੀ", ਉਪ੍ਰੰਤ, ਉਸ ਦੀ ਗੋਦੀ ਵਿਚ ਬੈਠੇ ਗਏ ਅਤੇ ਪੁੱਤਰ ਦੀ ਮਨੋ-ਕਾਮਨਾ ਪੂਰੀ ਹੋਣ ਲਈ ਵਰ ਦਿੱਤਾ।

(5) ਜੋਤੀ ਜੋਤ ਸਮਾਉਣਾ : ਉਹਨੀਂ ਦਿਨੀਂ ਦਿੱਲੀ ਵਿਚ ਬੁਖਾਰ ਤੇ ਚੀਚਕ ਦੀ ਬੀਮਾਰੀ ਫੁੱਟ ਪਈ। ਸਤਿਗੁਰੂ ਜੀ ਨੇ ਰੋਗੀਆਂ ਦੀ, ਦਿਨ ਰਾਤ ਇੱਕ ਕਰਕੇ, ਸੇਵਾ ਕੀਤੀ। ਉਹਨਾਂ ਦੇ ਪਾਵਨ ਦਰਸ਼ਨਾਂ ਨਾਲ ਤਨ ਤੇ ਮਨ ਦੇ ਰੋਗ ਦੂਰ ਹੁੰਦੇ ਸਨ। ਰੋਗੀਆਂ ਦੇ ਰੋਗ ਕੱਟਣ ਲਈ, ਆਪ ਜੀ ਨੇ ,ਬੰਗਲੇ ਨਾਲ ਇਕ ਚੁਬੱਚਾ ਬਨਵਾਇਆ, ਜਿਥੋਂ ਚਰਨਾਮ੍ਰਿਤ ਪੀ ਕੇ ਰੋਗੀ ਅਰੋਗ ਹੋਣ ਲਗੇ। ਸੂਰਜ ਪ੍ਰਕਾਸ਼ ਅਨੁਸਾਰ ਗੁਰੂ ਜੀ ਨੇ ਫੁਰਮਾਇਆ :-

ਚਰਨਾਮ੍ਰਿਤ ਹਮਰਾ ਜੋ ਪੀਵੈ॥ ਸੋ ਜਨ ਤੁਰਤ ਰੋਗ ਬਿਨ ਥੀਵੈ॥
ਜਿਨੇ ਚੁਬੱਚੇ ਕਾ ਜਲ ਪੀਓ॥ ਸੋ ਉਬਰਿਓ, ਗੁਰ ਜਸ ਬਡ ਥੀਓ॥

ਆਖਰ, ਕੌਤਕਹਾਰ ਸਤਿਗੁਰੂ ਨੂੰ ਵੀ ਚੀਚਕ (ਮਾਤਾ) ਨਿਕਲ ਆਈ। ਸੰਗਤ ਡੋਲ ਗਈ; ਪ੍ਰੰਤੂ, ਆਪ ਜੀ ਨੇ ਇਸ ਨੂੰ ਵੀ ਇੱਕ ਰੱਬੀ ਰਮਜ਼ ਦਰਸਾਂਦਿਆਂ ਹੋਇਆ, ਸਭ ਨੂੰ ਸਤਿਨਾਮ ਦਾ ਉਪਦੇਸ਼ ਦਿੱਤਾ ਤੇ ਧੀਰਜ ਧਾਰਨ ਅਤੇ ਭਾਣਾ ਮੰਨਣ ਲਈ ਭਰਪੂਰ ਪ੍ਰੇਰਨਾ ਕੀਤੀ। ਗੁਰੂ ਜੀ ਨੇ ਆਪਣੀ ਸੰਸਾਰ ਫੇਰੀ, ਸੱਤ ਸਾਲ ਅੱਠ ਮਹੀਨੇ ਤੇ ਤੇਈ ਦਿਨ, ਵਿਚ ਸੰਪੂਰਨ ਕੀਤੀ। ਆਪ ਜੀ 30 ਮਾਰਚ ਸੰਨ 1664 ਨੂੰ ਦਿਲੀ ਜੋਤੀ ਜੋਤ ਸਮਾ ਗਏ।

ਅੰਤ ਸਮੇਂ ਆਪ ਜੀ ਨੇ ਪੰਜ ਪੈਸੇ ਤੇ ਨਰੇਲ ਹੱਥ ਵਿਚ ਲੈ ਕੇ, ਬਾਂਹ ਨੂੰ ਤਿੰਨ ਵੇਰ ਉੱਚਾ ਕਰਕੇ ਘੁਮਾਇਆ ਤੇ ਕਿਹਾ। "ਬਾਬਾ ਬਕਾਲੇ।"

ਗੁਰੂ ਜੀ ਦਾ ਇਉਂ ਸੰਕੇਤ ਕਰਨਾ ਤੇ ਸਿੱਖਾਂ ਨੂੰ ਸਹੀ ਗੁਰੂ ਅਥਵਾ ਆਗੂ ਲੱਭਣ ਲਈ ਪਰਚਾ ਪਾਉਣਾ ਵੀ, ਉਨ੍ਹਾਂ ਨੂੰ ਦੇਣ ਜੋਗ ਸਿਖਿਆ ਤੇ ਉਪਦੇਸ਼ ਦਾ ਇਕ ਅਹਿਮ ਅੰਗ ਸੀ। ਉਨ੍ਹਾਂ ਨੂੰ ਸੱਚੇ ਤੇ ਕੱਚੇ ਗੁਰੂ ਦਾ ਗਿਆਨ ਦੇਣਾ ਆਵੱਸ਼ਕ ਸੀ।

ਸਤਿਗੁਰੂ ਜੀ ਦੀਆਂ ਮਨ ਤੇ ਤਨ ਦਾ ਰੋਗ ਦੂਰ ਕਰਨ ਵਾਲੀਆਂ ਕਿਤੀਆਂ ਨੂੰ ਅਨੁਭਵ ਕਰਦਿਆਂ ਹੀ ਫੁਰਮਾਇਆ ਗਿਆ ਹੈ:-

"ਸ੍ਰੀ ਹਰਿ ਕ੍ਰਿਸ਼ਨ ਧਿਆਈਐ, ਜਿਸ ਡਿਠੇ, ਸਭਿ ਦੁਖਿ ਜਾਇ॥


www.AKJ.Org

# ਨਾਮ-ਰੰਗ ਰਤੜਾ ਦਸਮੇਸ਼ ਦੁਲਾਰਾ

## ਦੇਸ਼ ਭਗਤ ਸੰਤ ਸਿਪਾਹੀ ਭਾ: ਸਾਹਿਬ ਰਣਧੀਰ ਸਿੰਘ ਜੀ

ਭਾਈ ਸਾਹਿਬ ਰਣਧੀਰ ਸਿੰਘ ਸਿਖ ਜਗਤ ਵਿਚ ਵੀਹਵੀਂ ਸਦੀ ਇਕ ਮਹਾਨ ਸ਼ਖਸੀਅਤ ਹੋਏ ਹਨ। ਆਪ ਜੀ ਦਾ ਸਾਰਾ ਜੀਵਨ ਸਿੱਖੀ ਸਿਦਕ, ਪ੍ਰੇਮ ਰੰਗਾਂ, ਵੈਰਾਗ ਤਰੰਗਾਂ ਤੇ ਤੱਤ ਗੁਰਮਤਿ ਅਸੂਲਾਂ ਦੀ ਦ੍ਰਿੜਤਾ ਨੂੰ ਪ੍ਰਗਟਾਉਣ ਵਾਲੇ ਅਨੇਕਾਂ ਕੌਤਕਾ ਨਾਲ ਭਰਿਆ ਪਿਆ ਹੈ। ਜਿਥੇ ਆਪ ਉਚੀ ਆਤਮਕ ਅਵਸਥਾ ਦੇ ਮਾਲਕ ਸਨ ਉਥੇ ਆਪ ਜੀ ਗ਼ਦਰ ਲਹਿਰ ਦੇ ਮੋਢੀ ਦੇਸ਼-ਭਗਤਾਂ ਵਿਚ ਵੀ ਇਕ ਖ਼ਾਸ ਦਰਜਾ ਰਖਦੇ ਸਨ। ਆਪ ਜੀ ਅਠੋ ਪਹਿਰ ਨਾਮ-ਰੰਗੀ-ਰਤੜੀ ਦਸ਼ਾ ਵਿਚ ਵਿਚਰਦੇ ਸਨ। ਗੁਰਬਾਣੀ ਦੇ ਅਖੰਡ ਪਾਠ ਅਤੇ ਅਖੰਡ ਕੀਰਤਨ ਆਪ ਦੀ ਖ਼ਾਸ ਆਤਮਕ ਖ਼ੁਰਾਕ ਸੀ। ਗੁਰਬਾਣੀ ਦਾ ਕੀਰਤਨ ਕਰਦਿਆਂ ਕਦੇ ਅਕਦੇ ਥਕਦੇ ਨਹੀਂ ਸਨ ਅਤੇ ਆਪ ਸ਼ਬਦ-ਭਾਵ ਵਿਚ ਲੀਨ ਹੋ ਕੇ ਵਜਦ ਵਿਚ ਆ ਜਾਂਦੇ ਸਨ, ਜਿਸ ਦਾ ਅਸਰ ਸ੍ਰੋਤਿਆਂ ਤੇ ਐਸਾ ਪੈਂਦਾ ਸੀ ਕਿ ਸਾਰੇ ਹੀ ਰਸਮਗਨ ਹੋ ਜਾਂਦੇ ਸਨ, ਜਦ ਕਿ ਕਈ ਰੂਹਾਂ ਬਿਹਬਲ ਹੋ ਉਠਦੀਆਂ ਸਨ।

ਆਪ ਜੀ ਨੇ ਗੁਰਮਤਿ ਦੇ ਵਖ ਵਖ ਵਿਸ਼ਿਆਂ ਤੇ ਚਾਲੀ ਤੋਂ ਵਧ ਵਡੀਆਂ ਛੋਟ.ਆਂ ਪੁਸਤਕਾਂ ਲਿਖੀਆਂ ਹਨ, ਜਿਨ੍ਹਾਂ ਨੂੰ ਪੜ੍ਹਨ ਤੋਂ ਹੀ ਉਨ੍ਹਾਂ ਦੇ ਅਸਲ ਜੀਵਨ ਦੀ ਸਮਝ ਪੈਂਦੀ ਹੈ। ਆਪ ਜੀ ਦੀ ਜੀਵਨੀ ਸੰਖੇਪ ਰੂਪ ਵਿਚ ਹੇਠਾਂ ਦਿਤੀ ਜਾਂਦੀ ਹੈ।

### ਮਾਤਾ ਪਿਤਾ ਤੇ ਜਨਮ ਅਸਥਾਨ–

ਆਪ ਜੀ ਦਾ ਜਨਮ ੭ ਜੁਲਾਈ ੧੮੭੮ ਈਸਵੀ ਐਤਵਾਰ (੨੫ ਹਾੜ ੧੯੩੫ ਬਿਕ੍ਰਮੀ) ਨੂੰ ਨਾਰੰਗਵਾਲ ਜ਼ਿਲਾ ਲੁਧਿਆਣਾ ਵਿਖੇ ਹੋਇਆ। ਆਪ ਜੀ ਦੇ ਪਿਤਾ ਸ੍ਰ: ਨੱਥਾ ਸਿੰਘ ਜੀ ਨਾਭਾ ਹਾਈ ਕੋਰਟ ਦੇ ਜੱਜ ਸਨ ਅਤੇ ਮਾਤਾਂ ਦਾ ਨਾਂ ਮਾਈ ਪੰਜਾਬ ਕੌਰ ਸੀ। ਜਿਨ੍ਹਾਂ ਦੇ ਪੇਕੇ ਪਿੰਡ ਭਾਈਕੀ ਥੇੜ੍ਹੀ ਭਾਈ ਭਗਤੂ ਜੀ ਦੀ ਵੰਸ ਵਿਚੋਂ ਸਨ, ਜੋ ਕਿ ਸ੍ਰੀ ਗੁਰੂ ਅਰਜਨ ਦੇਵ ਜੀ ਦੇ ਅਨਿੰਨ ਸੇਵਕ ਸਨ। ਭਾਈ ਭਗਤੂ ਜੀ ਨੇ ਗੁਰੂ ਕੀਆਂ ਆਵੀਆਂ ਵਿਚ ਇੱਟਾਂ ਪਕਾਉਣ ਦੀ ਅਤੁੱਟ ਸੇਵਾ ਕੀਤੀ ਸੀ।

### ਬਚਪਨ ਤੇ ਵਿਦਿਆ ਪ੍ਰਾਪਤੀ–

ਭਾਈ ਸਾਹਿਬ ਦੇ ਹਰਦੇ ਵਿੱਚ ਕੁਦਰਤੀ ਪ੍ਰੇਮ ਦੀ ਕਣੀ ਜਮਾਂਦਰੂ ਹੀ ਸੀ। ਕੁਦਰਤੀ ਨਜ਼ਾਰਿਆਂ ਦੀ ਸੁੰਦਰਤਾ ਤੇ ਸਰਲਤਾ ਸੁਤੇ ਹੀ ਇਕ ਖਿਚਵਾਂ ਅਸਰ ਪਾ ਜਾਂਦੀ ਸੀ। ਸੁੰਦਰਤਾ ਦੇ ਨਜ਼ਾਰੇ ਤੱਕ ਕੇ ਆਪ ਜੀ ਦੇ ਮਨ ਵਿਚ ਆਪ-ਮੁਹਾਰੀਆਂ ਪ੍ਰੇਮ-ਲਹਿਰਾਂ ਉਠਦੀਆਂ ਤੇ ਦਿਲ ਉਨ੍ਹਾਂ ਵਲ ਖਿਚਿਆ ਜਾਂਦਾ ਸੀ। ਇਸ ਤਰ੍ਹਾਂ ਦੀਆਂ ਪ੍ਰੇਮ-ਲਹਿਰਾਂ ਉਠਦੀਆਂ ਤੇ ਅਲੋਪ ਹੋ ਜਾਂਦੀਆਂ ਸਨ। ਇਸ ਪ੍ਰਕਾਰ ਦੀਆਂ ਕਈ ਘਟਨਾਵਾਂ ਛੋਟੀ ਉਮਰ ਵਿਚ ਹੀ ਘਟਦੀਆਂ ਰਹੀਆਂ, ਪਰ ਅਗੋਂ ਪ੍ਰਮਾਰਥ ਦੀ ਕੋਈ ਖ਼ਾਸ ਸੂਝ ਬੂਝ ਨਹੀਂ ਸੀ। ਇਸ ਤਰ੍ਹਾਂ ਸੰਸਾਰਕ ਵਿਦਿਆ-ਪ੍ਰਾਪਤੀ ਵਿਚ ਸਮਾਂ ਲੰਘਦਾ ਲੰਘਦਾ ਲੰਘ ਗਿਆ। ਸਕੂਲੀ ਵਿਦਿਆ ਤੋਂ ਬਾਅਦ ਕਾਲਜ ਦਾ ਸਮਾਂ ਆ ਗਿਆ ਅਤੇ ਆਪ ਗੌਰਮਿੰਟ ਕਾਲਜ ਲਾਹੌਰ ਵਿਚ ਜਾ ਦਾਖ਼ਲ ਹੋਏ, ਪਰ ਬਾਅਦ ਵਿਚ ਮਿਸ਼ਨ ਕਾਲਜ ਲਾਹੌਰ ਵਿਚ ਚਲੇ ਗਏ। ੧੯੦੦ ਈਸਵੀਂ ਵਿਚ ਆਪ ਨੇ ਬੀ. ਏ. ਪਾਸ ਕੀਤੀ।

### ਸਿੱਖੀ ਦਾ ਪ੍ਰੇਮ ਕਿਵੇਂ ਲੱਗਾ—

ਲਾਹੌਰ ਕਾਲਜ ਵਿਚ ਪੜ੍ਹਦਿਆਂ ਹੀ ਆਪ ਨੂੰ ਸਿੱਖੀ ਦਾ ਪ੍ਰੇਮ ਲੱਗਾ। ਉਹ ਇਸ ਤਰ੍ਹਾਂ ਕਿ ਆਪ ਜੀ ਦੇ ਪਿਤਾ ਨੇ ਘਰੋਂ ਚਿੱਠੀ ਲਿਖੀ ਕਿ ਤੈਂ ਦੋ ਇਮਦਿਹਾਨ ਦੇਣੇ ਹਨ।- ਇਕ ਬੀ. ਏ. ਦਾ, ਦੂਜਾ ਵਕਾਲਤ ਦਾ। ਜੇ ਪਾਸ ਹੋਣਾ ਹੈ ਤਾਂ ਸਵੇਰੇ ਜਪੁਜੀ ਦਾ ਅਤੇ ਸ਼ਾਮ ਨੂੰ ਰਹਿਰਾਸ ਸਾਹਿਬ ਦਾ ਪਾਠ ਕਰਿਆ ਕਰ, ਅਤੇ ਨਾਲ ਹੀ ਇਕ ਗੁਟਕਾ ਨਿਤਨੇਮ ਦਾ ਭੇਜ ਦਿਤਾ। ਭਾਈ ਸਾਹਿਬ ਜੀ ਜੇਲ੍ਹ-ਚਿੱਠੀਆਂ ਪੁਸਤਕ ਵਿਚ ਲਿਖਦੇ ਹਨ ਕਿ ਮੈਂ ਆਪਣੇ ਮਤਲਬ ਨੂੰ ਪਾਠ ਕਰਨ ਲੱਗ ਪਿਆ। ਪਾਠ ਕਰਦਿਆਂ ਗੁਰਬਾਣੀ ਦੀ ਐਸੀ ਕਲਾ ਵਰਤੀ ਕਿ ਗੁਰਬਾਣੀ ਦਾ ਰਓਸ ਦਿਨਾਂ ਵਿਚ ਹੀ ਅਜਿਹਾ ਪ੍ਰਬਲ ਹੋ ਗਿਆ ਕਿ ਵੈਰਾਗ ਨੇ ਅਣਡਿਠੇ ਪ੍ਰੀਤਮ ਦੀ ਖੋਜ ਦਾ ਬਾਵਰਾ ਬਣਾ ਦਿਤਾ। ਭਾਈ ਸਾਹਿਬ ਲਿਖਦੇ ਹਨ—


www.AKJ.Org

"ਰਹਿਰਾਸ ਸਾਹਿਬ ਦਾ ਪਾਠ ਅਜਿਹੇ ਵੈਰਾਗ ਸੁਰ ਨਾਲ ਕਰਨਾ ਕਿ ਸੁਣਨ ਵਾਲਿਆਂ ਨੇ ਵੀ ਮੋਮ ਹੋ ਜਾਣਾ ਅਤੇ ਆਪ ਢਲ ਜਾਣਾ। ਓੜਕ ਇਕ ਦਿਨ 'ਭਈ ਪਰਾਪਤਿ ਮਾਨੁਖ ਦੇਹੁਰੀਆ' ਵਾਲੀ ਪਉੜੀ ਦਾ ਘਾਉ ਨੀਸਾਨੇ ਅਜਿਹਾ ਪਰਿਆ ਅਤੇ ਅਜਿਹੀ ਚੋਟ ਲੱਗੀ ਕਿ ਦਿਨ ਰੈਣ ਗੋਬਿੰਦ ਮਿਲਣ ਦੀਆਂ ਤਾਂਘਾਂ ਲੱਗੀਆਂ ਰਹਿਣ। ਪੜੀਆਂ ਪੜ੍ਹਾਈਆਂ ਕਿਧਰੇਂ ਭੁਲ ਗਈਆਂ। ਕਾਲਜ ਵਿਚ ਜਾਣਾ ਤਾਂ ਡੈਸਕ ਉਪਰ ਪੜ੍ਹਾਈ ਦੀ ਕਿਤਾਬ ਬਰਾਏ-ਨਾਮ ਦਿਖਾਵੈ ਮਾਤਰ ਰਖ ਛੱਡਣੀ, ਨੀਚੇ ਗੁਪਤ ਖ਼ਾਨੇ ਵਿਚ ਬਾਈ ਵਾਰਾਂ ਜਾਂ ਭਗਤ ਬਾਣੀ ਦੋਹਾਂ ਵਿਚੋਂ ਇਕ ਦਾ ਹਰਦਮ ਪਾਠ ਕਰਦੇ ਰਹਿਣਾ ਅਤੇ 'ਨੀਰ ਵਹੇ ਵਹਿ' ਚਲਦੇ ਰਹਿਣਾ।"

ਬਸ ਇਸ ਤਰ੍ਹਾਂ ਹੀ ਪ੍ਰਮਾਰਥ ਦੀ ਚੇਟਕ ਲਗੀ, ਜੋ ਕਿ ਕਈ ਪੜਾਅ ਲੰਘਦੀ, ਚੜ੍ਹਦੀ ਤੋਂ ਚੜ੍ਹਦੀ ਕਲਾ ਵਿਚ ਹੀ ਵਿਚਰਦੀ ਰਹੀ।

**ਸਰਕਾਰੀ ਨੌਕਰੀ—**

੧੯੦੨ ਵਿਚ ਪੰਜਾਬ ਵਿਚ ਪਹਿਲੀ ਪਲੇਗ ਪਈ, ਜਿਸ ਨੂੰ ਥੰਮਣ ਲਈ ਤੇ ਟੀਕੇ ਲਾਉਣ ਲਈ ਕਈ ਅੰਗਰੇਜ਼ ਡਾਕਟਰ ਵਲੈਤੋਂ ਮੰਗਾਏ ਗਏ। ਇਨ੍ਹਾਂ ਡਾਕਟਰਾਂ ਦੀ ਸਹਾਇਤਾ ਲਈ ਅੰਗਰੇਜ਼ੀ ਪੜ੍ਹੇ ਲਿਖੇ ਸਹਾਇਕਾਂ ਦੀ ਲੋੜ ਸੀ। ਇਸ ਸੰਬੰਧ ਵਿਚ ਨਾਇਬ ਤਸੀਲਦਾਰ ਦੇ ਤੌਰ ਤੇ ਉਨ੍ਹਾਂ ਦੇ ਨਾਲ ਪਰਸਨਲ ਅਸਿਸਟੈਂਟ ਨੀਯਤ ਕੀਤੇ ਗਏ। ਆਪ ਜੀ ਦੇ ਪਿਤਾ ਨੇ ਇਸ ਅਸਾਮੀ ਲਈ ਭਾਈ ਸਾਹਿਬ ਨੂੰ ਘੇਰ ਘਾਰ ਕੇ ਦਲੀਲ ਨਾਲ ਕਾਇਲ ਕਰ ਹੀ ਲਿਆ ਕਿ ਖ਼ਲਕਿ ਖ਼ੁਦਾ ਦੀ ਸੇਵਾ ਕਰਨੀ, ਖ਼ੁਦਾ ਦੀ ਹੀ ਸੇਵਾ ਹੈ। ਆਪ ਜੀ ਦੀ ਇਸ ਆਰਜ਼ੀ ਸਰਵਿਸ ਸਮੇਂ ਹੀ ਦੋ ਅੰਗਰੇਜ਼ ਡਾਕਟਰਾਂ ਨਾਲ "ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਪੂਜਾ" ਸੰਬੰਧੀ ਪ੍ਰਸ਼ਨੋਤਰੀ ਹੋਈ, ਜਿਸ ਦਾ ਨਤੀਜਾ ਇਹ ਹੋਇਆ ਕਿ ਉਨ੍ਹਾਂ ਦੀ ਉਹ ਪ੍ਰਸ਼ਨੋਤਰੀ ੧੯੧੦ ਈਸਵੀ ਵਿਚ "ਕੀ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਪੂਜਾ ਬੁੱਤ ਪ੍ਰਸਤੀ ਹੈ ? ਨਾਮੀ ਪੁਸਤਕ ਦੇ ਰੂਪ ਵਿਚ ਪ੍ਰਕਾਸ਼ਤ ਹੋਈ, ਜੋ ਬੜੀ ਸੁਆਦਲੀ ਤੇ ਲਾ-ਜੁਆਬ ਪੁਸਤਕ ਹੈ।

ਚਾਹੇ ਆਪ ਓਦੋਂ ਅਜੇ ਅੰਮ੍ਰਿਤ ਛਕ ਕੇ ਤਿਆਰ-ਬਰ-ਤਿਆਰ ਸਿੰਘ ਨਹੀਂ ਸਜੇ ਸਨ, ਪਰੰਤੂ ਮੋਨੇ, ਨੜੀਮਾਰ ਦੇ ਹੱਥੋਂ ਨਾ ਛਕਣ ਵਾਲੀ ਰਹਿਤ-ਰਹਿਣੀ ਦੀ ਕਮਾਈ ਪਹਿਲੋਂ ਹੀ ਕਰਨ ਲੱਗ ਪਏ ਸਨ। ਛੇਤੀ ਹੀ ਆਪ ਇਸ ਨੌਕਰੀ ਤੋਂ ਉਪਰਾਮ ਹੋ ਗਏ ਅਤੇ ਸਨਬੰਧੀਆਂ ਦੇ ਅਨੇਕਾਂ ਜਤਨਾਂ ਦੇ ਬਾਵਜੂਦ ਭੀ 'ਧ੍ਰਿਗ ਵਿਡਾਣੀ ਚਾਕਰੀ' ਸਮਝ ਕੇ ਇਹ ਚਾਕਰੀ ਤਿਆਗ ਦਿਤੀ।

**ਅੰਮ੍ਰਿਤ ਦੀ ਦਾਤਿ—**

੧੪ ਜੂਨ ੧੯੦੩ ਵਿਚ ਪਿੰਡ ਬੱਕਾਪੁਰ ਤਸੀਲ ਫਿਲੌਰ ਪੰਥਕ ਦੀਵਾਨ ਵਿਚ ਆਪ ਜੀ ਅੰਮ੍ਰਿਤ ਛਕ ਕੇ ਤਿਆਰ-ਬਰ-ਤਿਆਰ ਸਿੰਘ ਸਜ ਗਏ। ਇਸ ਸਮਾਗਮ ਦੀ ਖ਼ਾਸ ਘਟਨਾ ਇਹ ਹੈ ਕਿ ਇਹ ਪੰਥਕ ਦੀਵਾਨ ਉਚੇਚੇ ਤੌਰ ਤੇ ਮੌਲਵੀ ਕਰੀਮ ਬਖਸ਼ ਤੇ ਉਨ੍ਹਾਂ ਦਾ ਪਰਵਾਰ ਨੂੰ (ਅੰਮ੍ਰਿਤ ਛਕਣ ਬਾਅਦ ਸੰਤ ਲਖਬੀਰ ਸਿੰਘ ਦੇ ਨਾਂ ਨਾਲ ਪਰਸਿੱਧ ਹੋਏ) ਮੁਸਲਮਾਨੀ ਮਤ ਤੋਂ ਸਿੰਘ ਸਜਾਉਣ ਲਈ ਕੀਤਾ ਗਿਆ ਸੀ।

ਇਸ ਅੰਮ੍ਰਿਤ ਸਮਾਗਮ ਸਮੇਂ ਬੜਾ ਚੜ੍ਹਦੀਆਂ ਕਲਾਂ ਵਾਲਾ ਹੁਕਮ ਆਇਆ ਸੀ, ਜਿਸ ਦੀ ਪਹਿਲੀ ਤੁਕ ਹੈ:

**ਅਪਣੇ ਬਾਲਕ ਆਪਿ ਰਖਿਅਨੁ ਪਾਰਬ੍ਰਹਮ ਗੁਰਦੇਵ॥** ਬਿਲਾਵਲੁ ਮ: ੫, ਪੰਨਾ ੮੧੯

ਅੰਮ੍ਰਿਤ ਛਕਣ ਸਾਰ ਕਾਇਆਂ ਪਲਟ ਗਈ। ਗੁਰਮਤਿ ਰਹਿਤ-ਰਹਿਣੀ ਪਰਪੱਕ ਹੋ ਗਈ, ਪਰ ਇਕ ਘਟਨਾ ਦੇ ਕਾਰਨ ਅੰਮ੍ਰਿਤ-ਕਲਾ ਵਰਤਣ ਵਿਚ ਵਿਘਨ ਪਿਆ ਅਤੇ ਨਾਮ ਦ੍ਰਿੜ੍ਹ ਨਾ ਹੋ ਸਕਣ ਕਾਰਨ ਅਭਿਆਸ ਦਾ ਪਰਵਾਹ ਨਾ ਤੁਰ ਸਕਿਆ। ਗੁਰਬਾਣੀ ਦਾ ਰਟਣ, ਕੀਰਤਨ ਤੇ ਸਤਸੰਗ ਖ਼ਾਸ ਖ਼ੁਰਾਕ ਤੇ ਜੀਵਨ-ਅਧਾਰ ਬਣ ਗਿਆ। ਜਿਥੇ ਵੀ ਦੂਰ-ਦਰਾਡੇ ਤਾਈਂ ਸਤਸੰਗ ਮੰਡਲ ਦੀ ਸੋਇ ਸੁਣਨੀ, ਧਾ ਕੇ ਪੁਜਣਾ। ਪ੍ਰੇਮ, ਉਤਸ਼ਾਹ, ਤੇ ਵੈਰਾਗ ਦੇ ਨਾਲ ਨਾਲ ਨਾਮ ਦੀ ਸਿਕ ਦਿਨੋ ਦਿਨ ਵਧਦੀ ਜਾਏ।

**ਐਬਟਾਬਾਦ ਵਿਚ ਨਾਮ ਦੀ ਪ੍ਰਾਪਤੀ—**

੧੯੦੪ ਵਿਚ ਦੁਬਾਰਾ ਫਿਰ ਸੰਗਤ ਨੇ ਹੁਕਮ ਦੇ ਕੇ ਐਬਟਾਬਾਦ ਹੈਡ ਕਲਰਕ ਦੇ ਦੌਰ ਤੇ ਭੇ


www.AKJ.Org

ਜਣ ਲਈ ਮਜਬੂਰ ਕਰ ਦਿਤਾ। ਐਬਟਾਬਾਦ ਪੁਜ ਕੇ ਉਥੋਂ ਦੇ ਕੁਦਰਤੀ ਤੇ ਪਹਾੜੀ ਸੁੰਦਰ ਨਜ਼ਾਰਿਆਂ ਨੂੰ ਦੇਖ ਕੇ ਬਿਰਤੀ ਟਿਕਾਉ ਤੇ ਚੜ੍ਹਾਉਂਦੇ ਹੁਲਾਰਿਆਂ ਵਿਚ ਆ ਗਈ। ਭਾਈ ਸਾਹਿਬ ਜੇਲ੍ਹ ਚਿਠੀਆਂ ਵਿਚ ਲਿਖਦੇ ਹਨ–

'ਇਕ ਤਾਂ ਸੰਗਤ ਦਾ ਵਿਛੋੜਾ, ਦੂਜੇ ਪਰਦੇਸ਼ਾਂ ਤੇ ਮਾਮਲੇ, ਤੀਸਰੇ ਉਥੋਂ ਦੀ ਸੀਨਰੀ (ਨਜ਼ਾਰੇ) ਤੇ ਸੁੰਦਰ ਆਬੋ ਹਵਾ ਦੇ ਕਾਰਨ ਮੇਰਾ ਵੈਰਾਗ ਫੁਟ ਫੁਟ ਕੇ ਵਗਣ ਲਗ ਪਿਆ ਤੇ ਠਾਠਾਂ ਮਾਰੇ, ਤੇ ਅਜਿਹੇ ਪ੍ਰੇਮ-ਉਛਾਲੇ ਆਵਣ ਕਿ ਬਿਹਬਲ ਤੇ ਬੇਹੋਸ਼ ਕਰ ਜਾਵਣ। ਐਵੇਂ ਬੱਧਾ ਰੁੱਧਾ ਦੜੇ ਦਫ਼ਤਰ ਦਾ ਬੁੱਤਾ ਪੂਰਾ ਕਰ ਆਇਆ ਕਰਾਂ। ਮਸਾਂ ਮਸਾਂ ਦਫ਼ਤਰੋਂ ਛੁਟਾਂ ਤੇ ਝਟ ਗੁਰਦੁਆਰੇ ਆ ਟਿਕਾਂ (ਜਿਹੜਾਂ ਕਿ ਬੁੰਗੇ ਦੇ ਨਿਕਟ ਹੀ ਸੀ)। ਮਸਤਾਨੇ ਜਿਹੇ ਭੂਰੇ ਦੀ ਬੁੱਕਲ ਮਾਰ ਜੋੜਿਆ ਵਾਲੇ ਥਾਉਂ ਆ ਬੈਠਾਂ, ਜਿਥੇ ਮੈਂ ਕਿਸੇ ਦੀ ਨਜ਼ਰ ਵਿਚ ਵੀ ਨਾ ਰੜਕ ਸਕਾਂ। ਮੈਨੂੰ ਇਸ ਬਿਧ ਰਹਿਣਾ ਬਹੁਤ ਹੀ ਸੁਖਾਵੇ।.....ਮੈਨੂੰ ਜਾਣ ਤੇ ਉਠਣ ਦੀ ਅਕਾਂਖਿਆ ਹੀ ਨਾ ਫੁਰੇ। ਛਕਣ ਛਕਾਣ ਦੀ ਇੱਛਾ ਹੀ ਦੂਰ ਹੋ ਗਈ। ... ਗੱਲ ਬਾਤ ਉਕਾ ਹੀ ਕਿਸੇ ਨਾਲ ਨਾ ਕਰਨੀ।..... ਕਦੇ ਕਿਸੇ ਕੰਦਰਾਂ ਵਿਚ ਇਕੱਲਿਆਂ ਹੀ ਝਲਿਆਂ ਵਾਂਗ ਜਾ ਫਿਰਨਾ। ਉਸ ਕੁਦਰਤੀ ਇਕਾਂਤ ਦੇ ਸੁਹਾਵਣੇ ਨਜ਼ਾਰੇ ਵਿਚ ਮੇਰੇ ਬੈਰਾਗ ਨੂੰ ਹੋਰ ਵੀ ਫੰਗ ਲਗ ਜਾਵਣ। ਮੈਨੂੰ ਇਕ ਨਾਮ ਦੀ ਲਿਵ ਲਗੀ ਹੋਈ, ਹੋਰ ਸੁਧ ਬੁਧ ਕੋਈ ਨਾ। ਰਾਤ ਨੂੰ ਨੀਂਦ ਹਰਾਮ ਹੋ ਗਈ। ਅੱਖਾਂ ਪੱਥਰ ਹੋ ਗਈਆਂ। ਜੀ ਭਿਆਨਾ ਹੋ ਰਹਾਂ। ਨਿਤਨੇਮ ਅਨੁਸ਼ਾਰ ਇਕ ਵਜੇ ਰਾਤ ਦੇ ਉਠ ਗੁਰਦੁਆਰੇ ਵਾਲੇ ਕੂਪ ਤੇ ਇਸ਼ਨਾਨ ਕਰਨਾ..... ਤੇ ਦਿਨ ਚੜ੍ਹਨ ਤਕ ਸਭ ਬਾਣੀਆਂ ਦਾ ਪਾਠ ਬੜੀ ਬੈਰਾਗ-ਦਸ਼ਾ ਵਿਚ ਕਰਨਾ। ਪਰ ਨਾਮ ਦੀ ਟੋਟ ਦਿਨੋ ਦਿਨ ਵਧਦੀ ਜਾਵੇ।

...ਮੈਨੂੰ ਪ੍ਰਾਥਨਾ ਕਰਨ ਵਿਚ ਇਕ ਅਨੋਖਾ ਹੀ ਸੁਆਦ ਆਵੇ। ਹਟਣ ਨੂੰ ਜੀਅ ਨਾ ਕਰੇ। ਜਦ ਹੋਰ ਸਭ ਕੁਝ ਔੜਨੋਂ ਬੰਦ ਹੋ ਗਿਆ ਤਾਂ ਕੇਵਲ ਹੇ ਗੁਰੂ । ਹੇ ਗੁਰੂ ॥ ਨਾਮ ਬਖਸ਼, ਨਾਮ ਦ੍ਰਿੜ੍ਹਾ ਦੇ, ਨਾਮ ਜਪਣ ਲਾ ਦੇ। ਇਤਨੇ ਲਫ਼ਜ਼ ਹੀ ਮੂੰਹੋਂ ਨਿਕਲਦੇ ਰਹੇ ਤੇ ਓੜਕ ਨੂੰ ਹੇ ਗੁਰੂ । ਹੇ ਗੁਰੂ ॥ ਇਤਨੀ ਲਾਲਸਾ ਹੀ ਰਹਿ ਗਈ। ਹੇ ਗੁਰੂ । ਹੇ ਗੁਰੂ ॥ ਕਰਦੇ ਨੂੰ ਮੈਨੂੰ ਕੁਝ ਪਤਾ ਨਹੀਂ ਰਿਹਾ। ਆਪਦੇ ਸਰੀਰ ਦੀ ਸੁਧ ਨਾ ਰਹੀ ਤੇ ਮੈਨੂੰ ਪਤਾ ਨਹੀ ਕਿ ਕਦੋਂ ਮੈਂ ਖੜਾ ਖੜਾ ਡਿਗ ਪਿਆ। ਕੇਵਲ ਇਤਨੀ ਸੋਝੀ ਹੈ ਕਿ ਅਗੰਮੀ ਆਵਾਜ਼ ਨੇ ਹਲਾ•ਸ਼ੇਰੀ ਦਿਤੀ ਕਿ ਉਠ ਤਕੜਾ ਹੋ । ਤੇਰੇ ਸੱਚੇ ਗੁਰਦੇਵ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਤੈਨੂੰ ਪ੍ਰਾਤਾਕਾਲ ਹੀ ਨਾਮ ਦੇਵਣਗੇ। ਜਿਹੜੀ ਪਹਿਲੀ ਦੁਤੁਕੀ ਗੁਰੂ ਮਹਾਰਾਜ ਦੀ ਗੁਰਦੁਆਰੇ ਵੜਨ ਸਾਰ ਤੇਰੇ ਕੰਨਾਂ ਵਿਚ ਪਵੇਗੀ ਉਸ ਵਿਚ ਤੇਰਾ ਬੇੜਾ ਪਾਰ ਹੋ ਜਾਣਾ ਹੈ ਤੇ ਨਾਮ ਨੇ ਅੰਦਰ ਨਿਵਾਸ ਕਰ ਜਾਣਾ ਹੈ। ਸਾਵਧਾਨ ਹੋ ਕੇ ਸੰਭਾਲੀਂ। ਫੇਰ ਇਕ ਹੁਜ ਜਿਹੀ ਵਜੀ ਤੇ ਮੈਂ ਸਾਵਧਾਨ ਹੋ ਗਿਆ।.... ਇਹ ਗੈਬੀ ਇਸ਼ਾਰਾ ਮੇਰੇ ਸ਼ਰਧਾਲੂ ਆਤਮੇ ਅੰਦਰ ਡੂੰਘਾ ਉਤਰ ਗਿਆ।... ਬਿਰਤੀ ਅਫੁਰ ਹੋ ਚੁਕੀ ਸੀ। ਚਾਉ ਚੜ੍ਹਿਆ ਹੋਇਆ... ਮੈਨੂੰ ਮਸਾਂ ਪ੍ਰਭਾਤ ਆਈ।.... ਪਊਏ ਪਾਈ ਹੌਲੀ ਹੌਲੀ ਗੁਰਦੁਆਰੇ ਵਲ ਧਾਈ ਕੀਤੀ। ... ਜਦੋਂ ਮੈਂ ਅਤਿ ਨੇੜੇ ਢੁਕਾਂ ਤਾਂ ਮਧੁਰ ਮਧੁਰ ਪਾਠ ਦੀ ਰਸੀਲੀ ਅਤਿ ਮਨਮੋਹਣੀ ਦਿਲ ਖਿਚਵੀਂ ਧੁਨੀ ਸੁਣੀ, ਜੋ ਮੈਨੂੰ ਮਸਤ ਕਰਦੀ ਜਾਵੇ, ਪਰ ਬਾਣੀ ਸਪੱਸ਼ਟ ਤੌਰ ਤੇ ਸੁਣੀ ਤੇ ਸਮਝੀ ਨਾ ਜਾਵੇ, ਬੜਾ ਹੈਰਾਨ ਕਿ ਅਜ ਸਵੱਖਤੇ ਕਿਸ ਨੇ ਮਹਾਰਾਜ ਦਾ ਪ੍ਰਕਾਸ਼ ਕੀਤਾ ਹੈ ਅਤੇ ਕੌਣ ਐਸੀ ਚਿਤ-ਚੀਰਵੀਂ ਪ੍ਰੇਮ ਲਟਕ ਵਿਚ ਅਟਕ ਅਟਕ ਕੇ ਤੇ ਲਮਕ ਲਮਕ ਕੇ ਪਾਠ ਕਰ ਰਿਹਾ ਹੈ। ਜਦ ਮੈਂ ਐਨ ਦਰਵਾਜ਼ੇ ਦੀ ਦੇਹੁਰੀ ਪਾਸ ਪੁਜਾ ਅਤੇ ਅੰਦਰਵਾਰ ਵੜਨ ਲਗਾਂ ਤਾਂ ਮੇਰਾ ਸੀਸ ਇਕ ਦਮ ਝੁਕ ਗਿਆ ਅਤੇ ਫੜੱਕ ਮੇਰੇ ਸ੍ਰਵਣ-ਸ੍ਰੋਤ ਦੇ ਦਰਵਾਜ਼ੇ ਅੰਦਰ ਇਹ ਦੋ ਤੁਕਾਂ ਸਪੱਸ਼ਟ ਆ ਪਈਆਂ, ਯਥਾ ਦੁਤੁਕੀ –

ਵੇਮੁਹਤਾਜਾ ਵੇਪਰਵਾਹੁ॥ ਨਾਨਕ ਦਾਸ ਕਹਹੁ ਗੁਰ ਵਾਹੁ॥(੩੭੬)

''ਕਹਹੁ ਗੁਰ ਵਾਹੁ'' ਵਾਲੀ ਐਸੀ **ਜ਼ਬਰਦਸਤ ਚੁੰਬਕ ਕਲਾ ਵਾਲੀ** ਸੱਟ ਪਈ ਕਿ ਤੁਰਤ ''ਵਾਹਿਗੁਰੂ' 'ਵਾਹਿਗੁਰੂ' ਦੀ ਝਰਨਾਹਟ ਦਾ ਰਾਗ਼ ਮੇਰੇ ਰਗ-ਰੇਸ਼ੇ ਤੇ ਲੂੰ ਲੂੰ ਅੰਦਰ ਛਿੜ ਗਿਆ। ਮੈਂ ਉਭੜ ਕੇ ਮਹਾਰਾਜ ਦੀ ਚਰਨ ਸ਼ਰਨਣ ਡੰਡੋਤ ਵਿਚ ਜਾ ਪਿਆ।.... ਮੈਂ ਡੰਡਵਤ ਵਿਚੋਂ ਉਠ ਕੇ ਗੁਰੂ ਮਹਾਰਾਜ ਜੀ ਦੇ ਦਰਸ਼ਨ

ਕੀਤੇ ਤੇ ਫ਼ਤਹ ਬੁਲਾਈ ਤਾਂ ਕੀ ਦੇਖਾਂ, ਮਹਾਰਾਜ ਜੀ ਉਪਰ ਚਵਰ ਹੋ ਰਿਹਾ ਹੈ, ਪਰ ਤਾਬੇ ਕੋਈ ਨਹੀਂ ਅਤੇ ਗੁਰੂ ਗ੍ਰੰਥ ਸਾਹਿਬ ਜੀ ਦੇ ਉਪਰਵਾਰ ਚੰਦੋਆ ਸਾਹਿਬ ਤੇ ਸ੍ਰੀ ਗੁਰੂ ਸਾਹਿਬ ਦੇ ਵਿਚਕਾਰ ਅਦੁਤੀ ਚਮਤਕਾਰ ਅਤੇ ਝਿਲਮਿਲਕਾਰਕ ਛਬੰਨੀ ਚਕ੍ਰਿਤ ਚਿਤਰਕਾਰੀ ਵਿਚ 'ਵਾਹਿਗੁਰੂ' ਸ਼ਿਬਦ ਚਿਤਰਿਆ ਝਿਲਮਿਲ-ਝਿਲਮਿਲ ਕਰੇ, ਜੋ ਆਸਰੇ ਬਿਹੂਣ ਹਵਾ ਵਿਚ ਮੁਅੱਲਕ ਟਿਕਿਆ ਲਹਿਰੇ ਮਾਰੇ। ਗੁਰਦੁਆਰੇ ਦੇ ਹਵਾਈ ਪੁਲਾੜ ਵਿਚ ਚਾਰ ਚੁਫੇਰੇ ਇਹੋ ਹੀ ਕੌਤਕ ਵਰਤ ਰਿਹਾ ਸਾਂਗੋ ਪਾਂਗ ਦਿਸੇ।''

ਇਸ ਤੋਂ ਉਪਰੰਤ ਅਖੰਡ-ਚੌਕੜੇ ਵਿਚ ਦੋ ਵਾਰੀ ਦੋ ਅਖੰਡ ਪਾਠ ਆਦਿ ਤੋਂ ਅੰਤ ਤਕ ਸ੍ਰਵਣ ਕੀਤੇ। ਪਹਿਲੇ ਦਾ ਭੋਗ ੨੩ ਨਵੰਬਰ ੧੯੦੪ ਨੂੰ ਪਿਆ ਅਤੇ ਦੂਜੇ ਦਾ ੧੩ ਜਨਵਰੀ ੧੯੦੫ ਨੂੰ ਪਿਆ, ਜਿਸ ਦਾ ਸਦਕਾ ਆਪ ਜੀ ਨੂੰ ਦਸਮ ਪਾਤਸ਼ਾਹ ਜੀ ਦੇ ਦਰਸ਼ਨ ਹੋਏ ਅਤੇ ਨੌਕਰੀ ਛਡ ਕੇ ਮੁੜ ਆਉਣ ਦੀ ਗੋੜ ਪ੍ਰੇਰਨਾ ਹੋਈ। ਇਸ ਸਮੇਂ ਵਿਚ ਵਾਪਰੇ ਹੋਰ ਅਨੇਕਾਂ ਬ੍ਰਿਤਾਂਤ ਹਨ।

ਵਾਪਸੀ ਸਮੇਂ ਹਰੀਪੁਰ ਹਜ਼ਾਰੇ ਵਿਚ ਮਸਤਾਨੀ ਦਸ਼ਾ ਵਿਚ ਵਿਚਰਦੀ ਸੰਤ ਭਗਤ ਮਾਈ ਗੁਲਾਬ ਕੌਰ ਜੀ ਦਾ ਦਰਸ-ਮਿਲਾਪ ਵੀ ਇਕ ਅਸਚਰਜ ਘਟਨਾ ਹੈ। ਭਾਈ ਸਾਹਿਬ ਪ੍ਰਥਾਇ ਮਾਈ ਨੇ ਸੁਤੇ ਹੀ ਬਚਨ ਕੀਤਾ, ''ਅਖੰਡ ਪਾਠਾਂ ਦੇ ਪਰਵਾਹ ਹੁਣ ਬਹੁਤ ਚਲਣਗੇ। ਜਾਓ, ਰਜ ਰਜ ਕੇ ਅੰਮ੍ਰਿਤ ਭੁੰਚੋ, ਅਤੇ ਰਲ ਮਿਲ ਕੇ ਪਿਉ ਦਾਦੇ ਦੇ ਅਖੁਟ ਖ਼ਜ਼ਾਨੇ ਵਿਚੋਂ ਖਾਓ ਤੇ ਖਰਚੋ।

ਭਾਈ ਸਾਹਿਬ ਜੀ ਨੂੰ ਘਰਾਂ ਵਲ ਮੋੜੇ ਪਾਏ ਅਤੇ ਫਿਰ ਯੋਗਤਾ ਵਿਚ ਆਣ ਜੁੜੇ।

ਖ਼ਾਲਸਾ ਕਾਲਜ ਅੰਮ੍ਰਿਤਸਰ ਵਿਚ—

੧੯੦੭ ਵਿਚ ਸ੍ਰ: ਹਰਬੰਸ ਸਿੰਘ ਜੀ ਅਟਾਰੀ ਦੀ ਪ੍ਰੇਰਨਾ ਨਾਲ ਖ਼ਾਲਸਾ ਕਾਲਜ ਅੰਮ੍ਰਿਤਸਰ ਵਿਖੇ ਹੋਸਟਲ ਸੁਪ੍ਰਿੰਟਿਡੰਟ ਆ ਲਗੇ। ਇਸ ਸਮੇਂ ਦੀ ਇਥੇ ਵਾਪਰੀ ਇਕ ਖ਼ਾਸ ਘਟਨਾ ਵਰਣਨ ਯੋਗ ਹੈ, ਜੋ ਇਸ ਤਰ੍ਹਾਂ ਹੈ—

ਇਕੇਰਾਂ ਵਿਦਿਆਰਥੀਆਂ ਨੇ ਭਾਈ ਸਾਹਿਬ ਤੋਂ ਯਾਚਨਾ ਕੀਤੀ ਕਿ ਲੰਗਰ ਵਿਚ ਖੀਰ ਬਣਾਈ ਜਾਵੇ। ਆਪ ਜੀ ਨੇ ਦੋ ਲਾਂਗਰੀ ਲਾਗਲੇ ਪਿੰਡਾਂ ਵਿਚ ਦੁੱਧ ਲਈ ਘਲ ਦਿਤੇ। ਦੁੱਧ ਆ ਗਿਆ। ਖੀਰ ਤਿਆਰ ਹੋ ਗਈ। ਪਰ ਭਾਣਾ ਇਉਂ ਵਰਤਿਆ ਕਿ ਜਿਨ੍ਹਾਂ ਜਿਨ੍ਹਾਂ ਨੇ ਉਹ ਖੀਰ ਖਾਧੀ, ਅੱਧੇ ਘੰਟੇ ਵਿਚ ਹੀ ਉਨ੍ਹਾਂ ਦੀ ਜੀਅ ਮਚਲਾਣ ਲਗ ਪਿਆ ਅਤੇ ਦਸਤ ਕੌਆਂ ਲਗ ਗਈਆਂ। ਇਕ ਘੰਟੇ ਵਿਚ ਲਗ ਪਗ ਦੋ ਸੌ ਮੁੰਡਿਆਂ ਦੀ ਲਾਚਾਰ ਬਿਵਸਥਾ ਹੋ ਗਈ। ਪ੍ਰਿੰਸੀਪਲ ਧਰਮਾਨੰਦ ਸਿੰਘ ਜੀ ਲਿਖਦੇ ਹਨ ਕਿ—

''ਐਤਵਾਰ ਦਾ ਦਿਨ ਸੀ। ਮੈਂ ਦਰਬਾਰ ਸਾਹਿਬ ਤੋਂ ਵਾਪਸ ਆਇਆ। ਨਾਭਾ ਹੋਸਟਲ ਦੇ ਸਾਹਮਣੇ ਇਹ ਦ੍ਰਿਸ਼ ਦੇਖਿਆ ਕਿ ਮਾਸਟਰਾਂ, ਤੇ ਵਿਦਿਆਰਥੀਆਂ ਦੀ, ਲਾਂਗਰੀਆਂ ਤੇ ਚਪੜਾਸੀਆਂ ਦੀ, ਚੌਕੀਦਾਰਾਂ ਤੇ ਚੂੜ੍ਹਿਆਂ ਦੀ ਭਾਰੀ ਭੀੜ ਲਗੀ ਖੜੀ ਸੀ, ਪਰ ਰੌਲੇ-ਰਪੇ ਦੀ ਨਾਂ-ਨਿਸ਼ਾਨ ਨਹੀਂ ਸੀ। ਸਭ ਹੈਰਾਨੀ ਤੇ ਪ੍ਰੇਸ਼ਾਨੀ ਦੇ ਬੁੱਤ ਨਜ਼ਰ ਆਉਂਦੇ ਸਨ। ਮੈਂ ਭੀੜ ਤੋਂ ਅੱਗੇ ਲੰਘਣ ਦਾ ਹੌਸਲਾ ਕੀਤਾ ਤਾਂ ਵੇਖਿਆ, ਭਾਈ ਸਾਹਿਬ ਰਣਧੀਰ ਸਿੰਘ ਜੀ ਸਾਹਮਣੇ ਕੁਰਸੀ ਤੇ ਬੈਠੇ ਹਨ ਅਤੇ ਦੋ ਵਿਸ਼ੇਸ਼ ਲਾਂਗਰੀ ਉਨ੍ਹਾਂ ਦੇ ਸੱਜੇ ਪਾਸੇ ਹੱਥ ਜੋੜੀ ਖੜੇ ਹਨ। ਮੈਂ ਭਾਈ ਸਾਹਿਬ ਦੇ ਸਨਮੁੱਖ ਹੋ ਫ਼ਤਹ ਗਜਾਈ, ਜਿਸ ਦਾ ਉਤਰ ਉਨ੍ਹਾਂ ਨੇ ਆਪਣੀ ਸਦੀਵੀ ਮੁਸਕਰਾਹਟ ਨਾਲ ਦਿਤਾ ਤੇ ਦੂਜਾ ਕੁਰਸੀ ਤੇ ਬੈਠਣ ਦਾ ਇਸ਼ਾਰਾ ਕੀਤਾ। ਮੈਂ ਬਹਿ ਗਿਆ। ਭਾਈ ਸਾਹਿਬ ਦੇ ਸੱਜੇ ਹੱਥ ਵਿਚ ਰੂਲ ਸੀ। ਉਹ ਮੇਰੇ ਨਾਲ ਮਾਮੂਲੀ ਜਿਹੀ ਗੱਲ ਬਾਤ ਭੀ ਕਰ ਰਹੇ ਸਨ ਤੇ ਲਗਾਤਾਰ ਮੁਸਕਰਾ ਰਹੇ ਸਨ। ਮੱਥੇ ਪਰ ਕਿਸੇ ਪ੍ਰਕਾਰ ਦੀ ਤਿਉੜੀ ਜਾਂ ਵੱਟ ਨਜ਼ਰ ਨਹੀਂ ਆਉਂਦਾ ਸੀ। ਖਿਨ ਖਿਨ ਮਗਰੋਂ ਬਾਰੰਬਾਰ ਉਨ੍ਹਾਂ ਦੇ ਪਵਿਤਰ ਮੁਖ ਤੋਂ ਬਾਣੀ ਦੇ ਕਿਸੇ ਵਾਕ ਦੀ ਆਵਾਜ਼ ਭੀ ਸਾਫ਼ ਸੁਣੀਂਦੀ ਸੀ। ਉਹ ਪੂਰਨ ਸਤੋ-ਗੁਣੀ ਪ੍ਰਭਾਵ ਵਿਚ ਸਨ। ਭਾਈ ਸਾਹਿਬ ਨੇ ਬੜੀ ਸੰਜੀਦਗੀ ਨਾਲ ਤਿੰਨ ਵੇਰ ਲਾਂਗਰੀਆਂ ਨੂੰ ਸੰਬੋਧਨ ਕਰਕੇ ਪੁਛਿਆਂ, 'ਦਸੋ, ਦੁੱਧ ਵਿਚ ਕੀ ਰਲਾ ਕੇ ਲਿਆਏ ਹੋ ? ਉਨ੍ਹਾਂ ਦੋਹਾਂ ਨੇ ਤਿੰਨੇ ਵੇਰ ਉਤਰ ਦਿਤਾ, 'ਜੀ ਅਸਾਂ ਕੁਝ ਨਹੀਂ ਰਲਾਇਆ। ਸਾਨੂੰ ਕੁਝ ਪਤਾ ਨਹੀਂ। ਅਸੀਂ

ਨਿਰਦੋਸ਼ ਹਾਂ। ਤਿੰਨ ਵੇਰਾਂ ਏਦਾਂ ਪੁਛਣ ਮਗਰੋਂ ਭਾਈ ਸਾਹਿਬ ਨੇ ਅਤਿ ਤੇਜੱਸ੍ਵੀ ਗੰਭੀਰਤਾ ਨਾਲ ਰੂਲ ਨੂੰ ਇਧਰ ਉਧਰ ਘੁੰਮਾਇਆ ਤੇ ਫਿਰ ਗਰਜ ਕੇ ਕਿਹਾ, 'ਸਿੰਘੋ, ਸੱਚ ਸੱਚ ਦਸੋ, ਦੁੱਧ ਵਿਚ ਕੀ ਰਲਾਇਆ ਜੇ ? ਤੁਸਾਂ ਗੁਰੂ ਕੇ ਸਿੰਘ ਹੋ ਕੇ ਘੋਰ ਪਾਪ ਕੀਤਾ ਹੈ। ਬੜਾ ਕਹਿਰ ਵਰਤਾਇਆ । ਵਾਹਿਗੁਰੂ ਹੱਥ ਅੱਗੇ ਕਰੋ।' ਬਸ ਫਿਰ ਕੀ ਸੀ । ਲਾਂਗਰੀ ਹੱਥ ਅੱਗੇ ਕਰਦੇ ਗਏ ਤੇ ਭਾਈ ਸਾਹਿਬ ਉੱਚੀ ਤੋਂ ਉੱਚੀ ਅਵਾਜ਼ ਵਿਚ 'ਵਾਹਿਗੁਰੂ ਵਾਹਿਗੁਰੂ' ਕਹਿੰਦੇ ਹੋਏ ਵਧ ਤੋਂ ਵਧ ਜ਼ੋਰ ਨਾਲ, ਉਨ੍ਹਾਂ ਦੋਹਾਂ ਦੇ ਹੱਥਾਂ ਪਰ ਵਾਰੋ ਵਟੀ ਰੂਲ ਮਾਰਦੇ ਗਏ। ਜਦੋਂ ਦੋਹਾਂ ਨੂੰ ਸਤ ਸਤ ਰੂਲ ਪੈ ਚੁਕੇ ਅਰ ਦੋਹਾਂ ਦੇ ਕੰਨਾਂ ਵਿਚ ਸਤ ਸਤ ਵੇਰ ਇਕ ਮਹਾਂ ਪੁਰਖ ਦੇ ਮੂੰਹ ਤੋਂ 'ਵਾਹਿਗੁਰੂ' ਸ਼ਬਦ ਦੀ ਧੁਨੀ ਪੈ ਚੁਕੀ ਤਾਂ ਉਹ ਵੀ ਅਚਣਜੇ ਤ ਉਚੀ ਉਚੀ 'ਵਾਹਿਗੁਰੂ ਵਾਹਿਗੁਰੂ' ਕਹਿਣ ਲਗ ਪਏ। ਉਨ੍ਹਾਂ ਦੇ 'ਵਾਹਿਗੁਰੂ ਵਾਹਿਗੁਰੂ' ਕਹਿਣ ਦੀ ਹੀ ਦੇਰ ਸੀ ਕਿ ਭਾਈ ਸਾਹਿਬ ਨੇ ਝਟ ਰੂਲ ਮੇਜ਼ ਦੇ ਰਖ ਦਿਤਾ ਅਰ ਹੱਥ ਜੋੜ ਕੇ ਲਾਂਗਰੀਆਂ ਸਾਹਮਣੇ ਖੜੇ ਹੋ ਗਏ ਅਤੇ ਬੜੀ ਉਚੀ ਆਵਾਜ਼ ਵਿਚ ਕਿਹਾ, 'ਸਿੰਘੋ, ਬਿਲਕੁਲ ਸੱਚ ਸੱਚ ਦਸ ਦਿਉ। ਹੁਣੇ ਇਸ ਪਲ ਛਿਨ ਵਿਚ ਸਤਿਗੁਰੂ ਤੁਹਾਡਾ ਗੁਨਾਹ ਬਖਸ਼ਣ ਲਈ ਹਾਜ਼ਰ ਹਜ਼ੂਰ ਹਨ।' ਭਾਈ ਸਾਹਿਬ ਇਹ ਸ਼ਬਦ ਕਹਿ ਹੀ ਰਹੇ ਸਨ ਕਿ ਲਾਂਗਰੀ ਭੁੱਬਾਂ ਮਾਰ ਕੇ ਜੋ ਪਏ ਤੇ ਮਹਾਂ ਪੁਰਖ ਦੇ ਚਰਨਾਂ ਤੇ ਡਿਗ ਪਏ ਤੇ ਕਹਿਣ ਲੱਗੇ, 'ਮਹਾਰਾਜ । ਸਾਨੂੰ ਬਖਸ਼ੋ, ਸਾਨੂੰ ਬਖਸ਼ੋ, ਅਸੀਂ ਬੜੇ ਨੀਚ ਹਾਂ, ਮਹਾਂ ਨੀਚ ਹਾਂ। ਅਸਾਂ ਦੁੱਧ ਵਿਚ ਟੋਇਆਂ ਤੇ ਛਪੜਾਂ ਦਾ ਪਾਣੀ ਰਲਾਇਆ ਸੀ, ਸਾਨੂੰ ਬਖਸ਼ੋ, ਮਹਾਰਾਜ ਸਾਨੂੰ ਬਖਸ਼ੋ । ਉਹ ਇਹ ਕਹਿ ਹੀ ਰਹੇ ਸਨ ਕਿ ਸੰਤ ਭਾਈ ਰਣਧੀਰ ਸਿੰਘ ਜੀ ਨੇ, ਜੋ ਪਹਿਲਾਂ ਹੀ ਹੱਥ ਜੋੜੀ ਖੜੇ ਸਨ, ਪੈਰਾਂ ਤੋਂ ਜੋੜੇ ਲਾਹ ਦਿਤੇ ਅਤੇ ਬੜੀ ਮਿਠੀ ਸੁਰੀਲੀ ਅਵਾਜ਼ ਨਾਲ ਇਸ ਸਾਰੇ ਸ਼ਬਦ ਦਾ ਪਾਠ ਕੀਤਾ–

ਤੂੰ ਮੇਰਾ ਪਿਤਾ ਤੂੰ ਹੈ ਮੇਰਾ ਮਾਤਾ॥ ਤੂੰ ਮੇਰਾ ਬੰਧਪੁ ਤੂੰ ਮੇਰਾ ਭਰਾਤਾ॥

(ਮਾਝ ਮ: ੩, ਪੰਨਾ ੧੦੩)

"ਸ਼ਬਦ ਦੀ ਸਮਾਪਤੀ ਪਰ ਅਰਦਾਸਾਂ ਸੋਧਿਆਂ ਤੇ ਕਿਹਾ ਕਿ ਆਪ ਦੇ ਸੇਵਾਦਾਰਾਂ ਤੋਂ ਬੜੀ ਉਗ੍ਰ ਖ਼ਤਾ ਹੋਈ ਹੈ, ਇਨ੍ਹਾਂ ਨੂੰ ਬਖਸ਼ੋ।..... ਜਿਹੜੇ ਬੱਚੇ ਇਸ ਵੇਲੇ ਅਤਿ ਖ਼ਤਰਨਾਕ ਹਾਲਤ ਵਿਚ ਮੰਜੀਆ ਤੇ ਪਏ ਹਨ, ਉਨ੍ਹਾਂ ਨੂੰ ਪੂਰਨ ਸਾਵਧਾਨ ਕਰੋ। ਤੇ ਹੇ ਸਭ ਦੀ ਲਾਜ ਰਖਣ ਵਾਲੇ ਸਤਿਗੁਰੂ, ਮੇਰੀ ਵੀ ਲਾਜ ਰਖੋ। ਮੇਰੇ ਸਿਰ ਬੜੀ ਜ਼ਿਮੇਵਾਰੀ ਹੈ। ਇਸ ਜੰਗਲ ਵਿਚ ਇਸ ਵੇਲੇ ਨਾ ਕੋਈ ਡਾਕਟਰ ਹੈ, ਨਾ ਕੋਈ ਹਕੀਮ ਹੈ, ਨਾ ਕੋਈ ਵੈਦ ਹੈ।

ਇਸ ਉਪਰੰਤ ਆਪ ਨੰਗੇ ਪੈਰੀਂ ਦੌੜੇ ਗਏ ਤੇ ਛੇਤੀ ਛੇਤਹ ਇਕ ਭਾਂਡੇ ਵਿਚ ਖੂਹ ਤੋਂ ਜਲ ਲਿਆ ਅਤੇ ਇਸ ਨੂੰ ਮੇਜ਼ ਤੇ ਰਖ ਕੇ ਪੰਜ ਵੇਰ ਮੂਲ ਮੰਤਰ ਦਾ ਪਾਠ ਕੀਤਾ। ਕੁਝ ਹੋਰ ਬਾਣੀ ਦਾ ਪਾਠ ਕੀਤਾ। ਅਤੇ ਫਿਰ ਕੇਵਲ 'ਵਾਹਿਗੁਰੂ ਵਾਹਿਗੁਰੂ' ਕਰਦੇ ਹੋਏ ਜਿਥੇ ਜਿਥੇ ਲੜਕੇ ਬੀਮਾਰ ਪਏ ਸਨ, ਉਧਰ ਤੁਰ ਪਏ। ਸਾਰੀ ਬਹੁਰੰਗੀ ਭੀੜ ਵੀ ਪਿਛੇ ਸੀ ਤੇ ਮੈਂ ਅਗੇ ਅਗੇ ਉਨ੍ਹਾਂ ਦੇ ਨਾਲ ਸਾਂ। ਸਾਰੇ ਇਕ-ਮਨ ਇਕ-ਚਿਤ 'ਵਾਹਿਗੁਰੂ ਵਾਹਿਗੁਰੂ' ਉਚਾਰਨ ਕਰ ਰਹੇ ਸਨ। ਜਿਉਂ ਹੀ ਪਹਿਲਾਂ ਬੀਮਾਰ ਦ੍ਰਿਸ਼ਟੀ ਪਿਆ, ਉਨ੍ਹਾਂ ਨੇ ਉਹਦੇ ਨਾਲ ਅੱਖਾਂ ਮਿਲਾ ਕੇ ਉਸ ਤੋਂ 'ਵਾਹਿਗੁਰੂ' ਅਖਵਾਇਆ ਤੇ ਆਪਣੇ ਕਰ-ਕਮਲਾਂ ਨਾਲ ਉਸ ਦੇ ਮੂੰਹ ਵਿਚ ਜਲ ਪਾਇਆ ਤੇ ਕਿਹਾ, 'ਸਿੰਘ ਜੀ, ਸਾਵਧਾਨ ਹੋ ਜਾਓ, ਉਠ ਬੈਠੋ। ਉਹ ਤਤਕਾਲ ਉਠ ਬੈਠਾ ਤੇ ਖੜਾ ਹੋ ਗਿਆ। ਇਸੇ ਤਰ੍ਹਾਂ ਹੀ ਸਾਰਿਆਂ ਨੂੰ ਸਾਵਧਾਨ ਕੀਤਾ।"

ਖ਼ਾਲਸਾ ਕਾਲਜ ਦੀ ਖਹਿ ਮਖਹਿ ਵਾਲੀ ਖ਼ਲਜਗਣ ਦੇ ਕਾਰਨ ਭਾਈ ਸਾਹਿਬ ਛੇਤੀ ਹੀ ਉਥੋਂ ਉਪਰਾਮ ਹੋ ਗਏ।

ਪੰਚ ਖ਼ਾਲਸਾ ਦੀਵਾਨ ਤੇ ਭੁਝੰਗੀ ਸਭਾ ਲੁਧਿਆਣਾ–

੧੯੦੮ ਵਿਚ ਸ੍ਰੀ ਦਮਦਮਾ ਸਾਹਿਬ ਗੁਰਮਤਿ ਵਿਦਿਆ ਵਿਸਥਾਰਨ ਨਮਿਤ ਖ਼ਾਲਸਾ ਦੀਵਾਨ ਦਮਦਮਾ ਸਾਹਿਬ ਦੀ ਨੀਂਹ ਰਖੀ ਅਤੇ ਖ਼ਾਲਸਾ ਹਾਈ ਸਕੂਲ ਕਾਇਕ ਕੀਤਾ। ਫਿਰ ੧੯੦੮-੯ ਵਿਚ ਬਾਬੂ


www.AKJ.Org

ਤੇਜਾ ਸਿੰਘ ਜੀ ਭਸੌੜ ਦੀ ਪ੍ਰੇਰਨਾ ਨਾਲ ਪੰਚ ਖ਼ਾਲਸਾ ਦੀਵਾਨ ਕਾਇਮ ਕੀਤਾ। ਇਥੇ ਪੰਚਖੰਡ ਦੀਵਾਨ ਭਸੌੜ ਸਮਾਗਮ ਵਿਖੇ ਹੀ ਵੀਰ ਭਾਈ ਮਲ ਸਿੰਘ ਜੀ (ਬਾਊ ਜੀ) ਦੇ ਪ੍ਰੇਮ-ਮਿਲਾਪ ਹੋਏ। ਭਸੌੜ ਤੋਂ ਭੀ ਮਤਭੇਦ ਹੋਣ ਕਾਰਨ ਉਪਰਾਮ ਹੋ ਗਏ। ਉਪਰੰਤ ਲੁਧਿਆਣੇ ਦੇ ਸਤਸੰਗ ਮੰਡਲ ਅਤੇ ਖ਼ਾਲਸਾ ਭੁਝੰਗੀ ਸਭਾ (ਖ਼ਾਲਸਾ ਯੰਗਮੈਨ ਲੀਗ ਲੁਧਿਆਣਾ) ਦੇ ਸਮਾਗਮਾਂ ਵਿਚ ਵਿਚਰਦੇ ਰਹੇ।

੧੯੦੯ ਤੋਂ ੧੯੧੪ ਤਕ ਸਤਸੰਗ ਮੰਡਲਾਂ, ਅਖੰਡਪਾਠਾਂ ਅਤੇ ਅਖੰਡ ਕੀਰਤਨਾਂ ਦੇ ਅਨੰਦ-ਰੰਗ ਮਾਣਦਿਆਂ ਮਾਣਦਿਆਂ ਸਮਾਂ ਬੀਤਦਾ ਗਿਆ।

**ਗੁ: ਰਕਾਬ ਗੰਜ ਦੀ ਕੰਧ ਤੇ ਗ਼ਦਰ ਲਹਿਰ–**

੧੯੧੪ ਵਿਚ ਗੁਰਦੁਆਰਾ ਰਕਾਬ ਗੰਜ ਨਵੀਂ ਦਿੱਲੀ ਦੀ ਕੰਧ ਅੰਗਰੇਜ਼ੀ ਸਰਕਾਰ ਵਲੋਂ ਢਾਹੀ ਗਈ। ਇਸ ਨਾਲ ਸਿਖ ਕੌਮ ਵਿਚ ਗੁੱਸੇ ਦੀ ਲਹਿਰ ਚਲ ਪਈ ਅਤੇ ਇਸ ਸਬੰਧ ਵਿਚ ੩੦ ਮਈ ੧੯੧੪ ਨੂੰ ਲੰਡੇ ਮੰਡੀ ਲਾਹੌਰ ਵਿਖੇ ਇਕ ਭਾਰੀ ਦੀਵਾਨ ਹੋਇਆ, ਜਿਸ ਵਿਚ ਭਾਈ ਸਾਹਿਬ ਜੱਥੇ ਸਮੇਤ ਸ਼ਾਮਲ ਹੋਏ।

ਰਕਾਬ ਗੰਜ ਲਹਿਰ ਵਿਚ ਭਾਈ ਸਾਹਿਬ ਨੇ ਜ਼ਬਰਦਸਤ ਪਾਰਟ ਅਦਾ ਕੀਤਾ ਅਤੇ ਸਰਕਾਰ ਨੂੰ ਮਜਬੂਰ ਕਰ ਦਿਤਾ। ਜਿਸ ਦਾ ਸਿੱਟਾ ਇਹ ਨਿਕਲਿਆ ਕਿ ਉਹ ਢਾਹੀ ਹੋਈ ਕੰਧ ਦੁਬਾਰਾ ਸਰਕਾਰ ਅੰਗਰੇਜ਼ੀ ਨੂੰ ਬਣਾਉਣੀ ਪਈ।

ਇਸੇ ਸਮੇਂ ਹੀ ਅਮਰੀਕਾ ਤੇ ਕੈਨੇਡਾ ਵਿਚ ਗ਼ਦਰ ਲਹਿਰ ਸ਼ੁਰੂ ਹੋਈ ਅਤੇ ਬਹੁਤ ਸਾਰੇ ਗ਼ਦਰੀ ਸਜਣ ਗੁਪਤ ਵਸੀਲਿਆਂ ਰਾਹੀਂ ਭਾਰਤ ਵਿਚ ਪਹੁੰਚ ਗਏ ਅਤੇ ਉਨ੍ਹਾਂ ਦਾ ਭਾਈ ਸਾਹਿਬ ਨਾਲ ਮੇਲ ਜੋਲ ਹੋਣ ਲੱਗ ਪਿਆ।

ਇਸੇ ਸਮੇਂ ਕਾਮਾ ਗਾਟਾ ਮਾਰੂ ਜਹਾਜ਼ ਦੀ ਘਟਨਾ ਵਾਪਰੀ ਅਤੇ ਭਾਰਤੀ ਮੁਸਾਫਰਾਂ ਉਤੇ ਬਜਬਜ ਘਾਟ ਕਲਕੱਤਾ ਵਿਖੇ ਗੋਲੀ ਚਲਾਈ ਗਈ।

ਇਨ੍ਹਾਂ ਸਾਰੀਆਂ ਦੁਖ ਭਰੀਆਂ ਘਟਨਾਵਾਂ ਦੇ ਅਸਰ ਹੇਠ ਭਾਈ ਸਾਹਿਬ ਦੇਸ਼ ਭਗਤੀ ਲਹਿਰ ਵਿਚ ਸ਼ਾਮਲ ਹੋ ਗਏ ਅਤੇ ਗ਼ਦਰੀ ਸਜਣ ਆਪ ਜੀ ਪਾਸ ਖੁਲ੍ਹਮ-ਖੁਲ੍ਹਾ ਆਉਣ ਜਾਣ ਲਗ ਪਏ। ੧੯ ਫ਼ਰਵਰੀ ੧੯੧੫ ਨੂੰ ਗ਼ਦਰ ਕਰਨ ਦੀ ਤਾਰੀਖ਼ ਨੀਯਤ ਕੀਤੀ ਗਈ ਅਤੇ ਭਾਈ ਸਾਹਿਬ ਆਪਣੇ ਜੱਥੇ ਸਮੇਤ ਫ਼ੀਰੋਜ਼ਪੁਰ ਛਾਉਣੀ ਪਹੁੰਚੇ। ਗ਼ਦਰੀ ਸਜਣ ਭੀ ਪੁਜੇ ਹੋਏ ਸਨ। ਪਲਟਣਾਂ ਤੋਂ ਬਗ਼ਾਵਤ ਕਰਾਉਣ ਦਾ ਪ੍ਰਬੰਧ ਭੀ ਮੁਕੰਮਲ ਸੀ, ਪਰ ਇਕ ਮੁਖ਼ਬਰ ਕਿਰਪਾਲ ਸਿੰਘ ਨੇ ਸਾਰਾ ਭੇਤ ਦੇ ਦਿਤਾ। ਸਾਰੀ ਸਕੀਮ ਫ਼ੇਲ੍ਹ ਹੋ ਗਈ ਦੇਸ਼ ਭਗਤਾਂ ਦੀਆਂ ਗ੍ਰਿਫ਼ਤਾਰੀਆਂ ਸ਼ੁਰੂ ਹੋ ਗਈਆਂ।

**ਗ੍ਰਿਫ਼ਤਾਰੀ ਤੇ ਉਮਰ ਕੈਦ-**

ਭਾਈ ਸਾਹਿਬ ੯ ਮਈ ੧੯੧੫ ਨੂੰ ਨਾਭੇ ਵਿਚ ਨਜ਼ਰਬੰਦ ਕੀਤੇ ਗਏ ਅਤੇ ੧੭ ਜੂਨ ਨੂੰ ਲੁਧਿਆਣੇ ਲਿਆਂਦੇ ਗਏ। ੧੯ ਜੂਨ ਨੂੰ ਆਪਨੂੰ ਗ੍ਰਿਫ਼ਤਾਰ ਕਰਕੇ ੨੫ ਜੂਨ ਨੂੰ ਲੁਧਿਆਣੇ ਜੇਲ੍ਹ ਭੇਜ ਦਿਤਾ ਗਿਆ। ਇਨ੍ਹਾਂ ਗਰਮੀ ਦੇ ਦਿਨਾਂ ਵਿਚ ਜੇਲ੍ਹ ਵਿਚ ਬਿਨਾਂ ਜਲ ਛਕਣ ਦੇ ਕਈ ਦਿਨ ਬਿਤਾਏ, ਜਦ ਕਿ ਸਤਵੇਂ ਦਿਨ ਜੇਲ੍ਹ ਅੰਦਰਲੇ ਹਲਟ ਤੋਂ ਆਪਣੇ ਹੱਥੀਂ ਜਲ ਲਿਆਉਣ ਦੀ ਆਗਿਆ ਮਿਲੀ ਗਈ। ਪਰ ਭੁੱਖ ਹੜਤਾਲ ੧੫ ਦਿਨ ਰਹੀ, ਤਾ ਕਿਤੇ ਜਾ ਕੇ ਘਰੋਂ ਪਰਸ਼ਾਦਾ ਮੰਗਾ ਕੇ ਛਕਣ ਦੀ ਆਗਿਆ ਮਿਲੀ। ੨੭ ਅਕਤੂਬਰ ੧੯੧੫ ਨੂੰ ਸੈਂਟਰਲ ਜੇਲ੍ਹ ਲਾਹੌਰ ਵਿਚ ਸਾਰੇ ਫੜੇ ਗਏ ਸਾਥੀ ਸਿੰਘਾਂ ਸਮੇਤ ਭੇਜ ਦਿਤੇ ਗਏ। ਇਸ ਜੇਲ੍ਹ ਵਿਚ ਤਿੰਨ ਦਿਨ ਬਿਨਾ ਜਲ ਦੇ ਅਤੇ ੧੫ ਦਿਨਾਂ ਪਿਛੋਂ ਗਵਰਨਰ ਨੇ ਕੇਵਲ ਫਲ ਹੀ ਘਰੋਂ ਮੰਗਵਾ ਕੇ ਛਕਣ ਦੀ ਆਗਿਆ ਦਿਤੀ।

੩੦ ਮਾਰਚ ੧੯੧੬ ਨੂੰ ਇਸ ਦੂਸਰੇ ਸਾਜ਼ਸ ਕੇਸ ਲਾਹੌਰ ਅਨੁਸਾਰ ਆਪ ਨੂੰ ਉਮਰ ਕੈਦ ਦੀ ਸਜ਼ਾ ਹੋਈ ਅਤੇ ਜਾਇਦਾਦ ਜ਼ਬਤ ਕੀਤੀ ਗਈ। ਸਿੰਘਾਂ ਨੂੰ ਸਜ਼ਾ ਸੁਣਾਉਣ ਪਿਛੋਂ ਜੇਲ੍ਹ ਦੀ ਵਰਦੀ ਪੁਆਈ ਗਈ; ਜਿਸ ਵਿਚ ਦਸਤਾਰਿਆਂ ਦੀ ਥਾਂ ਟੋਪੀਆਂ ਸਨ। ਸਿੰਘਾਂ ਨੇ ਟੋਪੀਆਂ ਨਾ ਪਾਈਆਂ ਅਤੇ ਨੰਗੇ ਸਿਰ ਹੀ ਰਹੇ


www.AKJ.Org

ਮੁਲਤਾਨ ਜੇਲ੍ਹ ਵਿਚ–

੪ ਅਪ੍ਰੈਲ ੧੯੧੬ ਨੂੰ ਸਾਰੇ ਸਿੰਘਾਂ ਸਮੇਤ ਆਪ ਨੂੰ ਮੁਲਤਾਨ ਜੇਲ੍ਹ ਵਿਚ ਭੇਜ ਦਿਤਾ ਗਿਆ। ਇਥੋਂ ਦਾ ਦਰੋਗਾ ਸਦਾ ਨੰਦ ਬਹੁਤ ਅਵੈੜਾ ਬੰਦਾ ਸੀ। ਉਸ ਨੇ ਸਿੰਘਾਂ ਤੇ ਬਹੁਤ ਸਖ਼ਤੀ ਕੀਤੀ। ਭਾਈ ਸਾਹਿਬ ਨੂੰ ੪ ਅਪ੍ਰੈਲ ਤੋਂ ੧੩ ਮਈ ਤਕ ੪੦ ਦਿਨ ਬਿਨਾਂ ਅੰਨ ਜਲ ਦੇ ਭੁਖ ਹੜਤਾਲ ਰਖਣੀ ਪਈ। ਮੁਲਤਾਨ ਦੀ ਗਰਮੀ ਮਸ਼ਹੂਰ ਹੈ। ਪਾਣੀ ਅਤੇ ਪਰਸ਼ਾਦੇ ਦਾ ਪ੍ਰਬੰਧ ਕੋਈ, ਨਾ, ਉਪਰੋਂ ਸਖ਼ਤ ਮੁਸ਼ੱਕਤਾਂ ਅਤੇ ਸਜ਼ਾਵਾਂ ਦੇ ਹੁਕਮ ਜਾਰੀ ਕਰ ਦਿਤੇ ਗਏ। ਅਜਿਹੀ ਹਾਲਤ ਵਿਚ ਖੜੇ ਡੰਡੇ ਬੇੜੀਆਂ ਤੇ ਟਾਟ ਵਰਦੀ ਦੀ ਸਜ਼ਾ, ਧੁੱਪੇ ਖੜੇ ਕਰਨ ਦੀ ਸਜ਼ਾ, ਉਪਰੋਂ ਚਾਲੀ ਦਿਨਾ ਦਾ ਕੜਾਕਾ ਲੱਗਾ ਹੋਇਆ, ਪਈਆਂ ਨਕਸੀਰਾਂ ਫੁਟਣ ਤੇ ਲਹੂ ਦੀਆਂ ਤਤੀਰੀਆਂ ਵਗਣ। ਦਿਨਾਂ ਵਿਚ ਹੀ ਵਜ਼ਨ ਘਟ ਕੇ ੯੬ ਪੌਂਡ ਰਹਿ ਗਿਆ। ਸਰੀਰ ਬਹੁਤ ਨਿਰਬਲ ਹੋ ਗਿਆ, ਪਰ ਸੁਰਤੀ ਬਿਰਤੀ ਵਿਚ ਕੋਈ ਫ਼ਰਕ ਨਾ ਪਿਆ ਅਤੇ ਭਾਣਿਆਂ ਵਿਚ ਚੜ੍ਹਦੀ ਕਲਾ ਅਤੇ ਦੁਖ ਸੁਖ ਮਨਾਉਣ ਦੇ ਸ਼ੁਕਰਾਨੇ ਬਣੇ ਰਹੇ। ਇਥੋਂ ਦਾ ਮੈਡੀਕਲ ਅਫ਼ਸਰ ਕਾਫ਼ੀ ਭਲਾ ਲੋਕ ਸੀ। ਜੇਲ੍ਹ ਅਫ਼ਸਰਾਂ ਵਲੋਂ ੪੦ ਦਿਨਾਂ ਦੇ ਸਖ਼ਤ ਕਸ਼ਟ ਤਸੀਹੇ ਦਿਤੇ ਜਾਣ ਪਿਛੋਂ ਮੈਡੀਕਲ ਅਫ਼ਸਰ ਨੇ ਆਪਣੇ ਅਧਿਕਾਰ ਨਾਲ ਭਾਈ ਸਾਹਿਬ ਨੂੰ ਫਲ ਲਿਆ ਕੇ ਛਕਾਏ। ਉਪਰੰਤ ਮੁਲਤਾਨ ਜੇਲ੍ਹ ਵਿਚ ਡੇਢ ਸਾਲ ਭਿਜੇ ਜਾਂ ਕਚੇ ਭੁੰਨੇ ਛੋਲਿਆਂ ਤੇ ਗੁਜ਼ਾਰਾ ਕਰਨਾ ਪਿਆ। ਮੁਲਤਾਨ ਜੇਲ੍ਹ ਸਮੇਂ ਭਾਈ ਸਾਹਿਬ ਬਾਰੇ ਪੰਥ ਵਿਚ ਇਹ ਅਫ਼ਵਾਹ ਫੈਲ ਗਈ ਸੀ ਕਿ ਜੇਲ੍ਹ ਵਾਲਿਆਂ ਨੇ ਭਾਈ ਸਾਹਿਬ ਨੂੰ ਭੁੱਖਿਆਂ ਰਖ ਕੇ ਮਾਰ ਦਿਤਾ ਹੈ ਅਤੇ ਭਾਈ ਸਾਹਿਬ ਨੂੰ ਦਿਤੇ ਤਸੀਹੀਆਂ ਦੇ ਬੜੇ ਦਰਦਨਾਕ ਹਾਲਾਤ ਅਖ਼ਬਾਰਾਂ ਵਿਚ ਛਪਦੇ ਰਹੇ। ਜਿਸ ਕਰਕੇ ਮੁਲਤਾਨ ਜੇਲ੍ਹ ਦੇ ਕਰਮਚਾਰੀਆਂ ਦੀ ਬੜੀ ਬਦਨਾਮੀ ਹੋਈ ਅਤੇ ਸੁਪ੍ਰੰਟੈਂਡੈਂਟ ਆਦਿ ਕਈ ਅਫ਼ਸਰ ਤਬਦੀਲ ਕੀਤੇ ਗਏ।

ਹਜ਼ਾਰੀ ਬ਼ਾਗ ਜੇਲ੍ਹ (ਬਿਹਾਰ) ਵਿਚ–

ਜੁਲਾਈ ੧੯੧੭ ਵਿਚ ਆਪ ਨੂੰ ਹੋਰ ਸਾਥੀ ਸਿੰਘਾਂ ਸਮੇਤ ਮੁਲਤਾਨ ਤੋਂ ਹਜ਼ਾਰੀ ਬ਼ਾਗ ਜੇਲ੍ਹ ਭੇਜ ਦਿਤਾ ਗਿਆ। ਇਥੇ ਆਪ ਸਵਾ ਚਾਰ ਸਾਲ ਦੇ ਕਰੀਬ ਰਹੇ। ਇਥੇ ਵੀ ਕਈ ਭੁਖ ਹੜਤਾਲਾਂ ਕਰਨੀਆਂ ਪਈਆ ਅਤੇ ਕਈ ਟੰਟੇ ਪੇਸ਼ ਆਏ, ਜਿਹਾ ਕਿ ੧੮ ਸਿੰਘਾਂ ਦਾ ਜੇਲ੍ਹ ਤੋੜ ਕੇ ਭਜ ਜਾਣਾ ਤੇ ਫਿਰ ਜਾਣਾ ਅਤੇ ਵਧ ਤੋਂ ਵਧ ਸਖ਼ਤੀਆਂ ਦਾ ਦੌਰ ਸ਼ੁਰੂ ਹੋ ਜਾਣਾ।

ਰਾਜ ਮੰਦਰੀ ਜੇਲ੍ਹ (ਮਦਰਾਸ) ਵਿਚ–

ਅਕਤੂਬਰ ੧੯੨੧ ਵਿਚ ਆਪ ਜੀ ਹੋਰਾਂ ਦਾ ਰਾਜ ਮੰਦਰੀ ਜੇਲ੍ਹ ਵਿਚ ਚਲਾਨ ਹੋ ਗਿਆ। ਇਥੋਂ ਦੇ ਅਫ਼ਸਰ ਚੰਗੇ ਹੀ ਸਨ ਅਤੇ ਉਹਨਾਂ ਨੇ ਸਿੰਘਾਂ ਨਾਲ ਚੰਗਾ ਵਰਤਾਉ ਕੀਤਾ ਅਤੇ ਆਉਂਦਿਆ ਹੀ ਕੁਝ ਦਿਨਾਂ ਬਾਅਦ ਪਰਸ਼ਾਦੇ ਹੱਥੀਂ ਸਜਾਉਣ ਦੇ ਅਧਿਕਾਰ ਮਿਲ ਗਏ। ਇਸੇ ਜੇਲ੍ਹ ਵਿਚ ਹੀ "ਗੁਰਮਤਿ ਬਿਬੇਕ" ਪੁਸਤਕ ਦਾ ਖਰੜਾ ਤਿਆਰ ਹੋਇਆ। ਰਾਜ ਮੰਦਰੀ ਜੇਲ੍ਹ ਵਿਚ ੧੧ ਜਨਵਰੀ ੧੯੨੨ ਨੂੰ ਭਾਈ ਤੇਜਾ ਸਿੰਘ ਜੀ ਚੂਹੜਕਾਣਾ ਤੇ ਸ: ਅਮਰ ਸਿੰਘ ਜੀ ਸਿਖ ਲੀਗ ਵਲੋਂ ਭੇਜੇ ਹੋਏ ਮੁਲਾਕਾਤ ਕਰਨ ਆਏ ਸਨ।

ਨਾਗਪੁਰ ਜੇਲ੍ਹ ਵਿਚ–

ਰਾਜ ਮੰਦਰੀ ਤੋਂ ੧ ਦਸੰਬਰ ੧੯੨੨ ਨੂੰ ਨਾਗਪੁਰ ਜੇਲ੍ਹ ਵਲ ਚਲਾਨ ਹੋ ਗਿਆ। ਇਥੇ ਬਾਮਣੋਂ ਵਿਗੜ ਕੇ ਈਸਾਈ ਬਣਿਆ ਨੀਲ ਕੰਠ ਜਟਾਰ ਨਾਮੇਂ ਸੁਪ੍ਰੰਟੈਂਡੈਂਟ ਜੇਲ੍ਹਰ ਸੀ, ਜਿਹੜਾ ਕਿ ਬੜਾ ਬਦ-ਦਿਮਾਗ਼ ਤੇ ਹੈਂਕੜਬਾਜ਼ ਸੀ। ਪੂਰਬਲੇ ਕਰਮ-ਚਕਰਾਂ ਕਾਰਨ ਲਤੋਂ ਲੰਗੜਾਂ ਵੀ ਸੀ, ਜਿਸ ਬਾਰੇ ਅਸਚਰਜ ਕਹਾਣੀ 'ਜੇਲ੍ਹ-ਚਿੱਠੀਆਂ' ਵਿਚ ਦਰਜ ਹੈ।

ਇਸ ਸੁਪ੍ਰੰਟੈਂਡੈਂਟ ਨੇ ਆਉਂਦਿਆਂ ਹੀ ਹੁਕਮ ਚਾੜ੍ਹਿਆ ਕਿ ਮੇਰੇ ਆਉਣ ਤੇ ਤੁਸੀਂ ਸਾਰੇ ਮੰਗਤ੍ਰਿਆਂ ਵਾਗ ਹੱਥ ਅੱਡ ਕੇ ਉਤਾਂਹ ਨੂੰ ਮੂੰਹ ਕਰ ਕੇ ਮੇਰੀ ਸਲਾਮੀ ਦਿਆ ਕਰੋ। ਪਰ ਸਿੰਘਾਂ ਨੇ ਇਹ ਹੁਕਮ ਪਰਵਾਨ ਨੀ ਕੀਤਾ। ਇਸ ਪੁਰ ਉਸ ਨੇ ਸਖ਼ਤ ਸਜ਼ਾਵਾਂ ਦੇ ਹੁਕਮ ਚਾੜ੍ਹੇ ਅਤੇ ਹੱਥੀਂ ਪਰਸ਼ਾਦਾ ਸਜਾਉਣ ਦਾ ਹੁਕਮ ਖੋਹ ਲਿਆ। ਕੁਝ ਦਿਨਾਂ ਦੀ ਭੁੱਖ ਹੜਤਾਲ ਪਿਛੋਂ ਹੋਰ ਹੋਰ ਕਸ਼ਟ ਦੇਣ ਲਈ ਬਿਗ ਨਾਮੀ


www.AKJ.Org

ਇਕ ਗੋਰੇ ਨੂੰ ਖੁਲ੍ਹੇ ਅਧਿਕਾਰ ਦੇ ਕੇ ਭਾਈ ਸਾਹਿਬ ਉਤੇ ਨੀਯਤ ਕਰ ਦਿਤਾ ਗਿਆ। ਉਸ ਨੇ ਬਹੁਤ ਕਸ਼ਟ ਦਿਤੇ: ਹੱਥੋ-ਪਾਈ, ਗਾਲ੍ਹਾਂ, ਜ਼ਬਰਦਸਤੀ ਅਨੀਮਾ ਅਤੇ ਸੁਪ੍ਰੰਟੈਂਡੈਂਟ ਦੇ ਹੁਕਮ ਨਾਲ ਫ਼ੋਰਸ ਫ਼ੀਡਿੰਗ (ਜ਼ਬਰਦਸਤੀ ਖ਼ੁਰਾਕ ਅੰਦਰ ਘਲਣੀ) ਕੀਤੀ ਗਈ, ਦੰਦ ਤੋੜੇ ਗਏ, ਗ਼ਸ਼ੀਆਂ ਪੈਂਦੀਆਂ ਰਹੀਆਂ, ਸੀਸ ਫ਼ਰਸ ਨਾਲ ਪਟਕਾ ਪਟਕਾ ਮਾਰਿਆ ਗਿਆ, ਦਾੜ੍ਹੇ ਤੇ ਸੀਸ ਦੇ ਕੇਸ ਪੁਟੇ ਗਏ। ਇਥੋਂ ਦੇ ਤਸੀਹੇ ਮੁਲਤਾਨ ਜੇਲ੍ਹ ਦੇ ਕਸ਼ਟਾਂ ਨੂੰ ਵੀ ਮਾਤ ਪਾ ਗਏ।

ਜਦ ਇਹ ਦੁਖ ਭਰੀਆਂ ਸੋਆਂ ਬਾਹਰ ਪੰਥ ਵਿਚ ਪੁਜੀਆਂ ਤਾਂ ਹਾਹਾਕਾਰ ਮਚ ਗਈ ਅਤੇ ੧ ਫ਼ਰਵਰੀ ੧੯੨੩ ਦਾ ਦਿਨ ਪੰਥ ਵਲੋਂ "ਅਰਦਾਸ ਦਿਵਸ" ਨੀਯਤ ਕੀਤਾ ਗਿਆ, ਜਿਸ ਨਾਲ ਭਾਈ ਸਾਹਿਬ ਨੂੰ ਬੜੀ ਚੜ੍ਹਦੀ ਕਲਾ ਅਤੇ ਖੇੜਾ ਪ੍ਰਾਪਤ ਹੋਇਆ।

ਭਾਈ ਸਾਹਿਬ ਇਸ ਨਾਗਪੁਰ ਜੇਲ੍ਹ ਵਿਚ ਸਾਢੇ ਸਤ ਕੁ ਸਾਲ ਰਹੇ। ਇਸ ਸਮੇਂ ਦੇ ਬੇਅੰਤ ਦਿਲ ਹਿਲਾ ਦੇਣ ਵਾਲੇ ਬ੍ਰਿਤਾਂਤ ਹਨ, ਜੋ ਜੇਲ੍ਹ ਚਿੱਠੀਆਂ ਵਿਚ ਦੇਖੇ ਜਾ ਸਕਦੇ ਹਨ। ਆਖਰੀ ਸਾਲ ਅਪ੍ਰੈਲ ੧੯੩੦ ਵਿਚ ਇੰਗਲੈਂਡ ਤੋਂ ਇਕ ਵਡਾ ਪਾਦਰੀ ਫ਼ਾਦਰ ਐਲਵਿਨ ਨਾਮੇ ਜੇਲ੍ਹਾਂ ਦੇ ਹਾਲਾਤ ਦੇਖਦਾ ਇਥੇ ਆਇਆ। ਉਸ ਦੀ ਭਾਈ ਸਾਹਿਬ ਨਾਲ ਲੰਬੀ ਚੌੜੀ ਵਾਰਤਾਲਾਪ ਹੋਈ, ਇਸ ਮੁਲਾਕਾਤ ਦਾ ਬਹੁਤ ਚੰਗਾ ਨਤੀਜਾ ਨਿਕਲਿਆ।

**ਸੈਂਟਰਲ ਜੇਲ੍ਹ ਲਾਹੌਰ, ਸ਼ਹੀਦ ਭਗਤ ਸਿੰਘ ਨਾਲ ਮੁਲਾਕਾਤ ਤੇ ਰਿਹਾਈ–**

੧੯੩੦ ਦਾ ਇਹ ਸਾਲ ਭਾਈ ਸਾਹਿਬ ਦੀ ਜੇਲ੍ਹ-ਯਾਤਰਾ ਦਾ ਆਖ਼ਰੀ ਸਾਲ ਸੀ। ੧੫ ਮਈ ੧੯੩੦ ਨੂੰ ਆਪ ਦੇ ਨਾਗਪੁਰ ਤੋਂ ਲਾਹੌਰ ਸੈਂਟਰਲ ਜੇਲ੍ਹ ਲਈ ਚਾਲੇ ਪਏ। ਇਥੇ ਆਪ ਪੰਜ ਕੁ ਮਹੀਨੇ ਰਹੇ। ਇਥੋਂ ਦੇ ਜੇਲ੍ਹ ਕਰਮਚਾਰੀ ਭਾਈ ਸਾਹਿਬ ਦਾ ਬਹੁਤ ਸਤਿਕਾਰ ਤੇ ਚੰਗਾ ਸਲੂਕ ਕਰਦੇ ਸਨ। ਅਖ਼ੀਰ ੪ ਅਕਤੂਬਰ ੧੯੩੦ ਨੂੰ ਆਪ ਦੀ ਰਿਹਾਈ ਦੇ ਹੁਕਮ ਆ ਗਏ। ਰਿਹਾਈ ਵਾਲੇ ਦਿਨ ਇਕ ਖ਼ਾਸ ਵਰਣਨ ਯੋਗ ਵਾਰਤਾ ਭਗਤ ਸਿੰਘ ਸ਼ਹੀਦ ਦੇ ਨਾਲ ਮੁਲਾਕਾਤ ਹੈ। ਉਹ ਕਾਫ਼ੀ ਸਮੇਂ ਤੋਂ ਭਾਈ ਸਾਹਿਬ ਦੇ ਦਰਸ਼ਨਾਂ ਨੂੰ ਲੋਚ ਰਿਹਾ ਸੀ। ਮੁਲਾਕਾਤ ਪਸਚਾਤ ਉਸ ਦੀ ਨਾਸਤਕਤਾ ਕਿਵੇਂ ਆਸਤਕਤਾ ਵਿਚ ਬਦਲੀ ਅਤੇ ਮੁੜ ਕੇ ਕੇਸ ਧਾਰਨ ਕੀਤੇ, ਇਹ ਸਾਰਾ ਬ੍ਰਿਤਾਂਤ ਸ਼ਹੀਦ ਭਗਤ ਸਿੰਘ ਨਾਲ ਮੁਲਾਕਾਤ ਨਾਮੇ ਟ੍ਰੈਕਟ ਵਿਚ ਛਪ ਚੁਕਾ ਹੈ।

ਜੇਲ੍ਹ ਵਾਲਿਆਂ ਸ਼ਹੀਦ ਭਗਤ ਸਿੰਘ ਦੀ ਮੁਲਾਕਾਤ ਗਿਣੇ ਮਿਥੇ ਪ੍ਰੋਗਰਾਮ ਅਨੁਸਾਰ ਦੇਰ ਨਾਲ ਕਰਾਈ ਅਤੇ ਘੁਸਮੁਸੇ ਹਨੇਰੇ ਜਿਹੇ ਵਿਚ ਜੇਲ੍ਹੋਂ ਵਿਦਾ ਕਰ ਦਿਤਾ।

**ਚਿਰੀ ਵਿਛੁੰਨਿਆਂ ਦੇ ਮੇਲੇ–**

ਅਗਲੇ ਦਿਨ ਆਪ ਜੀ ਦੇ ਘਰ ਪਹੁੰਚਣ ਦਾ ਬ੍ਰਿਤਾਂਤ ਡਾਢਾ ਹੀ ਬੈਰਾਗ-ਮਈ ਹੈ। ਸੋਲ੍ਹਾਂ-ਸਾਲਾਂ ਦੇ ਲੰਬੇ ਵਿਛੋੜਿਆਂ ਪਿਛੋਂ ਮਿਲਾਪ ਸਮੇਂ ਜੋ ਖੁਸ਼ੀਆਂ ਪਰਵਾਰ, ਨਗਰ ਨਿਵਾਸੀਆਂ ਤੇ ਸਤਸੰਗੀਆਂ ਨੂੰ ਹੋਈਆਂ, ਉਹ ਅਕਥਨੀਯ ਹਨ।

ਕੀਰਤਨ-ਮੰਡਲਾਂ ਦੇ ਅਖਾੜੇ ਫਿਰ ਸਜਣੇ ਅਰੰਭ ਹੋ ਗਏ। ਦਰਸ਼ਨ-ਮੇਲੀਆਂ ਦੇ ਟੋਲਿਆਂ ਦਾ ਤਾਂਤਾ ਕਈ ਮਹੀਨੇ ਬਝਾ ਰਿਹਾ। ਦਰਸ਼ਨ-ਅਭਿਲਾਖੀ ਜੀਅੜੇ ਜੋਟੀਆਂ ਵਿਚ ਸ਼ਬਦ ਪੜ੍ਹਦੇ ਆਉਂਦੇ ਅਤੇ ਚਿਰੀ ਵਿਛੁੰਨਿਆਂ ਦੇ ਹੰਝੂ ਵਹਿੰਦੇ, ਛਹਿਬਰਾਂ ਲਾਉਂਦੇ, ਗੁਰਬਾਣੀ ਦੀਆਂ ਵੈਰਾਗੀ ਧੁਨਾਂ ਗੂੰਜਾਉਂਦੇ ਇਕ ਅਜਬ ਨਜ਼ਾਰਾ ਬਝਦਾ ਸੀ।

**ਮਾਨ-ਪੱਤਰ, ਸਿਰੋਪਾਓ ਤੇ ਹੁਕਮਨਾਮੇ ਦੀ ਬਖ਼ਸ਼ਸ਼–**

ਉਪਰੰਤ ਆਪ ਗੁਰ-ਅਸਥਾਨਾਂ ਦੀ ਯਾਤਰਾ ਲਈ ਜਿਥੇ ਜਿਥੇ ਭੀ ਗਏ, ਉਥੋਂ ਉਥੋਂ ਆਪ ਨੂੰ ਸਿਰੋਪਾਓ ਤੇ ਮਾਨ-ਪੱਤਰਾ ਦੁਆਰਾ ਸਨਮਾਨਿਆ ਗਿਆ। ਪੰਥ ਨੇ ਉਚੇਚਾ ਸ੍ਰੀ ਅਕਾਲ ਤਖਤ ਸਾਹਿਬ ਇਕੱਠ ਕੀਤਾ ਅਤੇ ਆਪ ਜੀ ਨੂੰ ਤਖ਼ਤ ਸਾਹਿਬ ਵਲੋਂ ਹੁਕਮਨਾਮੇ ਦੀ ਬਖ਼ਸ਼ਸ਼ ਹੋਈ। ਸਿਰੋਪਾਵਾਂ ਤੇ ਮਾਨ-ਪੱਤਰਾਂ ਦਾ ਵੇਰਵਾ ਵੀ ਕਾਫ਼ੀ ਲੰਮਾ ਚੌੜਾ ਹੈ।

**ਜੇਲ੍ਹ-ਯਾਤਰਾ ਪਿਛੋਂ–**

ਬਾਕੀ ਸਾਰੀ ਆਯੂ ਭਾਈ ਸਾਹਿਬ ਜੀ ਦਾਂ ਸਤਸੰਗ ਤੇ ਕੀਰਤਨ-ਮੰਡਲਾਂ ਵਿਚ ਹੀ ਵਿਹਾਈ। ਗਰਮੀਆਂ ਵਿਚ ਆਪ ਜੀ ਆਮ ਕਰਕੇ ਕਸ਼ਮੀਰ ਜਾਂ ਕੁਮਾਰ ਹੱਟੀ (ਸ਼ਿਮਲਾ ਹਿਲਜ਼) ਵਿਖੇ ਡੇਰਾ ਰਖਦੇ ਸਨ। ਸਰਦੀਆਂ ਵਿਚ ਵਖ ਵਖ ਥਾਵਾਂ ਤੇ ਵਿਚਰ ਕੇ ਅਖੰਡ ਕੀਰਤਨਾਂ ਦੇ ਲਾਹੇ ਲੈਂਦੇ ਸਨ। ਪੋਹ ਸੁਦੀ ਸਪਤਮੀ ਦਾ ਸਮਾਗਮ ਆਪਣੇ ਗ੍ਰਿਹ ਨਾਰੰਗਵਾਲ ਵਿਖੇ ਹੀ ਕਰਦੇ ਹੁੰਦੇ ਹਨ। ਇਥੇ ਦੂਰੋਂ ਦੂਰੋਂ ਬੇਅੰਤ ਸੰਗਤਾਂ ਆ ਜੁੜਦੀਆਂ ਸਨ। ਇਸ ਸਮਾਗਮ ਵਿਚ ਬੜੇ ਅਲੌਕਿਕ ਰੰਗ ਵਰਤਦੇ ਸਨ ਅਤੇ ਬੇਅੰਤ ਰੂਹਾਂ ਇਸ ਤਰ੍ਹਾਂ ਆਪ ਜੀ ਦੇ ਸਤਸੰਗੀ-ਪ੍ਰੇਮੀਆਂ ਦਾ ਦਾਇਰਾ ਬਹੁਤ ਵਿਸ਼ਾਲ ਹੋ ਗਿਆ। ਤੇ ਇਹ ਅਖੰਡ ਕੀਰਤਨ ਸਮਾਗਮ ਵਖ ਵਖ ਥਾਵਾਂ ਤੇ ਸਿਖੀ ਪਰਚਾਰ ਦੇ ਸੋਮੇ ਬਣ ਗਏ, ਜਿਹੜੇ ਕਿ ਅਜ ਵੀ ਉਸੇ ਤਰ੍ਹਾਂ ਹੀ ਕਾਇਮ ਹਨ।

**ਅਕਾਲ ਚਲਾਣਾ–**

ਓੜਕ ਇਹ ਭਜਨੀਕ ਰੂਹ ਗੁਰਮਤਿ ਗੁਣਾਂ ਦੀ ਲਾਸਾਨੀ ਨਜ਼ੀਰ ਕਾਇਮਮ ਕਰ ਕੇ ੮੩ ਵਰ੍ਹੇ ਦੀ ਭਰਪੂਰ ਆਯੂ ਭੋਗ ਕੇ ੧੬ ਅਪ੍ਰੈਲ ੧੯੬੧ ਨੂੰ ਗੁਰਪੁਰੀ ਪਿਆਨੇ ਕਰ ਗਈ। ਭਾਈ ਸਾਹਿਬ ਆਪਣੇ ਪਿਛੇ ਗੁਰਮਤਿ ਨੂੰ ਉਜਾਗਰ ਕਰਨ ਵਾਲਾ ਇਕ ਵੱਡ-ਮੁੱਲਾ ਤੇ ਭਰਪੂਰ ਖ਼ਜ਼ਾਨਾ ਛਡ ਗਏ ਹਨ, ਜਿਸ ਵਿਚ ਗੁਰਮਤਿ ਦੇ ਅਨੇਕਾਂ ਵਿਸ਼ਿਆਂ ਦੀਆਂ ਕਈ ਵਡੀਆਂ ਪੁਸਤਕਾਂ ਅਤੇ ਛੋਟੇ ਟ੍ਰੈਕਟ ਹਨ, ਜਿਥੋਂ ਕਿ ਰਹਿੰਦੀ ਦੁਨੀਆਂ ਤਕ ਜਗਿਆਸੂਆਂ ਅਤੇ ਗੁਰਮਤਿ-ਖੋਜੀਆਂ ਨੂੰ ਚਾਨਣ ਮਿਲਦਾ ਰਹੇਗਾ। ■■■■

## ਭਾਈ ਸਾਹਿਬ ਰਣਧੀਰ ਸਿੰਘ ਜੀ ਲਿਖਤ ਪੁਸਤਕਾਂ

1. ਜੇਲ੍ਹ ਚਿੱਠੀਆਂ
੨. ਰੰਗਲੇ ਸੱਜਣ
3. ਅਣਡਿੱਠੀ ਦੁਨੀਆ
4. ਗੁਰਮਤਿ ਬਿਬੇਕ
5. ਗੁਰਮਤਿ ਲੇਖ
6. ਗੁਰਮਤਿ ਪ੍ਰਕਾਸ਼
7. ਗੁਰਮਤਿ ਵਿਚਾਰ
8. ਸਚਖੰਡ ਦਰਸ਼ਨ
9. ਗੁਰਮਤਿ ਗੌਰਵਤਾ
10. ਸੰਤ ਪਦ ਨਿਰਣਯ
11. ਕਥਾ ਕੀਰਤਨ
12. ਨਾਮ ਤੇ ਨਾਮ ਦਾ ਦਾਤਾ ਸਤਿਗੁਰੂ
13. ਕੀ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਪੂਜਾ ਬੁੱਤ-ਪ੍ਰਸਤੀ ਹੈ
14. ਗੁਰਮਤਿ ਨਾਮ ਅਭਿਆਸ ਕਮਾਈ
15. ਗੁਰਮਤਿ ਸੱਚ ਨਿਰਣਯ
16. ਗੁਰਮਤਿ ਕਰਮ ਫ਼ਿਲਾਸਫ਼ੀ
17. ਅਨਹਦ ਸ਼ਬਦ ਦਸਮ ਦੁਆਰ
18. ਗੁਰਬਾਣੀ ਦੀਆਂ ਲਗਾਂ ਮਾਤ੍ਰਾਂ ਦੀ ਵਿਲੱਖਣਤਾ
19. ਚਰਨ ਕਮਲ ਕੀ ਮਉਜ
੨0. ਝਟਕਾ ਮਾਸ ਪ੍ਰਥਾਇ ਗੁਰਮਤਿ ਤੱਤ ਨਿਰਣਯ
੨1. ਜੋਤਿ ਵਿਗਾਸ (ਮਹਾਂ-ਕਾਵਿ)
੨੨. ਦਰਸ਼ਨ ਝਲਕਾਂ (ਕਾਵਿ-ਉਡਾਰੀਆਂ)

**ਛੋਟੇ ਟਰੈਕਟ-**

੨3. ਅੰਮ੍ਰਿਤ ਕੀ ਹੈ ?
੨4. ਅੰਮ੍ਰਿਤ ਕਲਾ
੨5. ਗੁਰਮਤਿ ਰਮਜ਼ਾਂ
੨6. ਸਿਖ ਕੌਣ ਹੈ ?
੨7. ਵਾਹਿਗੁਰੂ ਸਿਮਰਨ
੨8. ਸੱਚੀਆਂ ਦਾੜ੍ਹੀਆਂ
੨9. ਸੁਪਨਾ
30. ਆਸਤਕ ਤੇ ਨਾਸਤਕ
31. ਸ਼ੰਕਿਆਂ ਦੇ ਉੱਤਰ
3੨. ਨਾਮ ਸੰਬੰਧੀ ਵਿਚਾਰ
33. ਤਿਮਰ ਅਗਿਆਨ ਤੋਂ ਉਜਿਆਰਾ
34. ਅਦ੍ਰਿਸ਼ਟ ਵਾਹਿਗੁਰੂ ਦੇ ਪਰਤੱਖ ਦਰਸ਼ਨ
35. ਸਿੰਘਾਂ ਦਾ ਪੰਥ ਨਿਰਾਲਾ
36. ਬਾਬਾ ਵੈਦ ਰੋਗੀਆਂ ਦਾ
37. ਕੋ ਵਿਰਲਾ ਗੁਰਮਤਿ ਚਲੈ ਜੀਉ
38. ਹਉਮੈ ਨਾਵੈ ਨਾਲਿ ਵਿਰੋਧੁ ਹੈ
39. ਨਾਮ ਦਾ ਦਾਤਾ ਸਤਿਗੁਰੂ
40. ਜ਼ਾਹਰਾ ਜ਼ਹੂਰ ਗੁਰੂ ਗੋਬਿੰਦ ਸਿੰਘ ਜੀ
41. ਸਿੱਖੀ ਸਿਦਕ ਤੇ ਧਰਮ ਰੱਖਿਆ
4੨. ਕੀਰਤਨੀ ਜੱਥੇ ਦੇ ਸਿੰਘਾਂ ਦੇ ਦਾਸਤਾਨ
43 ਗੁਰ ਮੇਰੈ ਸੰਗਿ ਸਦਾ ਹੈ ਨਾਲੇ


www.AKJ.Org

# ਹੋਸਟਲ ਵਿਦਿਆਰਥੀਆਂ ਨੂੰ ਨਸ਼ਿਆਂ ਤੋਂ ਬਚਾਓ

(ਰੇਣੂਕਾ ਸਰਬਜੀਤ ਸਿੰਘ)

ਇਕ ਸਰਵੇਖਣ ਮੁਤਾਬਕ ਪੰਜਾਬ ਵਿਚ ੨੦ ਲੱਖ ਤੋਂ ਵੱਧ ਲੋਕ ਨਸ਼ਈ ਹਨ। ਸ਼ਰਾਬ ਦੀ ਅੰਨੇ ਵਾਹ ਖਪਤ ਲਈ ਤਾਂ ਪੰਜਾਬ ਪਹਿਲਾਂ ਤੋਂ ਹੀ ਮਸ਼ਹੂਰ ਸੀ, ਹੁਣ ਇਸ ਸੂਬੇ ਵਿਚ ਤੰਬਾਕੂ, ਗੁਟਖਾ, ਅਫੀਮ ਸਮੈਕ ਦੀ ਵਰਤੋਂ ਵੀ ਜੋਰਾਂ ਤੇ ਹੋ ਰਹੀ ਹੈ। ਇਹਨਾਂ ਤੋਂ ਇਲਾਵਾ ਨਸ਼ੇ ਦੀਆਂ ਗੋਲੀਆਂ, ਕੈਪਸੂਲ ਤੇ ਇੰਜੈਕਸ਼ਨ ਦੀ ਵਰਤੋਂ ਦੇ ਰੁਝਾਨ ਵੀ ਵੇਖਣ ਨੂੰ ਮਿਲ ਰਹੇ ਹਨ।

ਨਸ਼ਈਆਂ ਵਿਚ ਵਿਦਿਆਰਥੀਆਂ ਦੀ ਗਿਣਤੀ ਦਿਨ-ਬ-ਦਿਨ ਵਧ ਰਹੀ ਹੈ ਅਤੇ ਉਨ੍ਹਾਂ ਵਿਚਲੇ ਹੋਸਟਲਾਂ ਦੇ ਵਿਦਿਆਰਥੀ ਆਮ ਤੌਰ ਤੇ ਵੱਧ ਨਸ਼ਾ ਲੈਂਦੇ ਵੇਖੇ ਗਏ ਹਨ। ਪਿੱਛੇ ਜਿਹੇ ਲੁਧਿਆਣਾ ਜ਼ਿਲੇ ਦੇ ਲਗਭਗ 5000 ਵਿਦਿਆਰਥੀਆਂ ਦਾ ਇਕ ਸਰਵੇਖਣ ਕੀਤਾ ਗਿਆ ਤਾਂ ਬੜੇ ਹੀ ਹੈਰਾਨੀਜਨਕ ਤੱਥ ਸਾਹਮਣੇ ਆਏ। ਲਗਭਗ 50 ਫੀਸਦੀ ਹੋਸਟਲਾਂ ਦੇ ਲੜਕੇ ਸ਼ਰਾਬ ਪੀਂਦੇ ਹਨ ਅਤੇ ੭ ਫੀਸਦੀ ਲੜਕੀਆਂ ਵੀ ਹੋਸਟਲਾਂ ਵਿਚ ਸ਼ਰਾਬ ਪੀਂਦੀਆਂ ਹਨ। ਇਸ ਸਰਵੇਖਣ ਮੁਤਾਬਕ ਸ਼ਹਿਰੀ ਅਤੇ ਪੈਂਡੂ ਵਿਦਿਆਰਥੀਆਂ ਵਿਚੋਂ ਲਗਭਗ ਹਰ ਦੂਸਰਾ ਵਿਦਿਆਰਥੀ ਸ਼ਰਾਬ ਦਾ ਸੇਵਨ ਕਰਦਾ ਹੈ ਅਤੇ 10 ਵਿਦਿਆਰਥਣਾਂ ਵਿਚੋਂ ਇਕ ਹੋਸਟਲ ਵਿਦਿਆਰਥਣ ਸ਼ਰਾਬ ਦਾ ਸੇਵਨ ਕਰਦੀ ਹੈ।

ਹੋਸਟਲਾਂ ਵਿਚ ਡਰਗਜ਼ ਦੇ ਬਾਰੇ ਇਹ ਤੱਥ ਹੋਰ ਵੀ ਦੁਖਦਾਈ ਹਨ। 43 ਫੀਸਦੀ ਸ਼ਹਿਰੀ ਮੁੰਡੇ 38 ਫੀਸਦੀ ਪੈਂਡੂ ਮੁੰਡੇ, 36 ਫੀਸਦੀ ਸ਼ਹਿਰੀ ਵਿਦਿਆਰਥਣਾਂ ਅਤੇ 35 ਫੀਸਦੀ ਪੈਂਡੂ ਵਿਦਿਆਰਥਣਾਂ ਵੱਖ ਵੱਖ ਨਸ਼ਿਆਂ ਦੀਆਂ ਵਰਤੋਂ ਕਰਦੀਆਂ ਹਨ। ਕੁੱਲ ਮਿਲਾ ਕੇ 10 ਹੋਸਟਲ ਵਿਦਿਆਰਥੀਆਂ ਵਿਚੋਂ 4 ਵਿਦਿਆਰਥੀ ਅਤੇ ੨੦ ਹੋਸਟਲ ਵਿਦਿਆਰਥਣਾਂ ਪਿਛੇ 7 ਵਿਦਆਰਥਣਾਂ ਨਸ਼ਈ ਹਨ। ਸਰਵੇਖਣ ਅਨੁਸਾਰ ਇਨ੍ਹਾਂ ਸਭ ਵਿਦਿਆਰਥੀਆਂ ਦੀ ਨਸ਼ੇ ਸ਼ੁਰੂ ਕਰਨ ਦੀ ਉਮਰ 18 ਤੋਂ ੨੨ ਸਾਲ ਹੈ।

ਮਾਤਾ ਪਿਤਾ ਬੱਚਿਆਂ ਨੂੰ ਹੋਸਟਲਾਂ ਵਿਚ ਸਿੱਖਿਆ ਲੈਣ ਲਈ ਭੇਜਦੇ ਹਨ। ਪਰ ਲੁਧਿਆਣਾ ਜ਼ਿਲੇ ਦੇ ਉਪਰੋਕਤ ਤੱਥ ਰੌਂਗਟੇ ਖੜੇ ਕਰ ਦੇਣ ਵਾਲੇ ਹਨ। ਨਸ਼ੇ ਵੇਚਣ ਵਾਲਿਆਂ ਨੂੰ ਹੋਸਟਲਾਂ ਨੂੰ ਆਪਣਾ ਨਿਸ਼ਾਨਾ ਬਣਾਇਆ ਹੋਇਆ ਹੈ। ਜਿਸ ਨਾਲ ਸਮਾਜ ਵਿਚ ਆਸਾਨੀ ਨਾਲ ਨਸ਼ੇ ਵਰਤਾਏ ਜਾ ਸਕਦੇ ਹਨ। ਵੇਖਣ ਵਿਚ ਆਇਆ ਹੈ ਕਿ ਹੋਸਟਲ ਵਿਦਿਆਰਥੀਆਂ ਰਾਹੀਂ ਹੀ ਕਾਲਜ ਦੇ ਬਾਕੀ ਵਿਦਿਆਰਥੀਆਂ ਤੱਕ ਨਸ਼ੇ ਪਹੁੰਚਦੇ ਹਨ। ਜੇਕਰ ਵੱਖ ਵੱਖ ਕਾਲਜਾਂ ਦੇ ਹੋਸਟਲਾਂ ਦੇ ਆਲੇ ਦੁਆਲੇ ਨਿਗਾਹ ਮਾਰੀਏ ਤਾਂ ਸਹਿਜੇ ਹੀ ਅਨੇਕਾਂ ਸ਼ਰਾਬ ਦੇ ਠੇਕੇ, ਤੰਬਾਕੂ, ਗੁਟਖਾ ਆਦਿ ਵੇਚਣ ਵਾਲੇ ਖੋਲੇ ਨਜ਼ਰੀ ਪੈਂਦੇ ਹਨ। ਪਿਛੇ ਜਿਹੇ ਪੰਜਾਬ ਖੇਤੀਬਾੜੀ ਯੂਨੀਵਰਸਿਟੀ ਵਿਖੇ ਹੋਸਟਲ ਵਿਦਿਆਰਥੀਆਂ ਵਿਚ ਨਸ਼ੇ ਰੋਕਣ ਲਈ ਜ਼ਿਲੇ ਦੇ ਕਾਲਜਾ ਦੇ ਪ੍ਰਿੰਸੀਪਲ, ਹੋਸਟਲ ਵਾਰਡਨ ਅਤੇ ਹੋਰ ਸਮਾਜ ਸੇਵੀਆਂ ਦੀ ਇਕ ਉਚ ਪੱਧਰੀ ਮੀਟਿੰਗ ਹੋਈ। ਸਭਨਾਂ ਸਮਾਜ ਸ਼ਾਸ਼ਤਰੀਆਂ ਨੇ ਇਸ ਮਸਲੇ ਤੇ ਆਪਣੀ ਗੰਭੀਰ ਚਿੰਤਾ ਪ੍ਰਗਟਾਈ ਅਤੇ ਧੁੰਦਲੇ ਸਮਾਜਕ ਭਵਿੱਖ ਦਾ ਦਰਦ ਸਾਂਝਾ ਕੀਤਾ। ਹੋਸਟਲਾਂ ਦੇ ਕੁਝ ਨੁਮਾਇੰਦੇ ਵੀ ਇਸ ਇਕੱਤਰਤਾ ਵਿਚ ਸ਼ਾਮਲ ਹੋਏ ਸਨ। ਇਕ ਵਿਦਿਆਰਥੀ ਨੇ ਦੱਸਿਆ ਕਿ ਜੇਕਰ ਹੋਸਟਲ ਵਾਰਡਨ ਸਖਤੀ ਵਰਤਣ ਤਾਂ ਇਹ ਨਸ਼ੇ ਬੜੇ ਆਰਾਮ ਨਾਲ ਰੋਕੇ ਜਾ ਸਕਦੇ ਹਨ। ਇਕ ਡੀ. ਏ. ਵੀ. ਕਾਲਜ ਵਿਖੇ ਹੋਸਟਲ ਦੀ ਨਿਯਮ ਇੰਨੇ ਸਖਤ ਸਨ ਕਿ ਵਿਦਿਆਰਥੀ ਚੌਕੀਂਦਾਰ ਤੋਂ ਵੀ ਡਰਦੇ ਸਨ ਅਤੇ ਨਸ਼ਾ ਲੈਣ ਦੀ ਹਿੰਮਤ ਨਹੀਂ ਕਰਦੇ ਪਰ ਦੂਜੇ ਪਾਸੇ ਸ਼ਹਿਰ ਦੇ ਹੋਰ ਕਈ ਹੋਸਟਲਾਂ ਦੇ ਵਿਦਿਆਰਥੀ ਇਸ ਗੱਲ ਦੀ ਸ਼ਿਕਾਇਤ ਕਰਦੇ ਹਨ ਕਿ ਉਨ੍ਹਾਂ ਦੇ ਵਾਰਡਨ ਹਫਤਿਆਬੱਧੀ ਹੋਸਟਲਾਂ ਵਿਚ ਗੇੜਾ ਹੀ ਨਹੀਂ ਲਗਾਉਂਦੇ। ਕਈ ਵਾਰਡਨ ਤਾਂ ਵਿਦਿਆਰਥੀਆਂ ਨੂੰ ਇਹ ਵੀ ਕਹਿੰਦੇ ਆਮ ਸੁਣੇ ਜਾ ਸਕਦੇ ਹਨ ਕਿ ਬਚਿਓ ਜੋ ਮਰਜ਼ੀ ਖਾ ਪੀ ਲਵੋ ਪਰ ਰੌਲਾ ਨਹੀਂ ਪੈਣਾ ਚਾਹੀਦਾ। ਹਫ਼ਤੇ ਵਿਚ ਜਿਸ ਦਿਨ ਹੋਸਟਲ ਮੈਸ ਵਿਚ ਮਾਸ ਬਣਦਾ ਹੈ ਉਸ ਦਿਨ ਤਾਂ ਮੁੰਡੇ ਕਮਰਿਆਂ ਦੇ ਬਾਹਰ ਡੈਕ ਲਗਾ ਕੇ ਵੀ ਸ਼ਰਾਬ ਦਾ ਸੇਵਨ ਆਮ ਕਰਦੇ ਹਨ।

ਹੋਸਟਲਾਂ ਵਿਚ ਨਸ਼ਿਆਂ ਦੀ ਵਰਤੋਂ ਰੋਕਣ ਲਈ ਅਧਿਕਾਰੀਆਂ ਨੂੰ ਸਖਤ ਕਦਮ ਪੁੱਟਣ ਦੀ ਲੋੜ ਹੈ, ਜਿਸ ਰਾਹੀਂ ਕੇਵਲ ਉਚੇ ਆਚਰਣਾਂ ਵਾਲੇ ਹੀ ਵਾਰਡਨ ਬਣਾਏ ਜਾਣ ਅਤੇ ਇਹ ਵਾਰਡਨ ਲਗਾਤਾਰ ਹੋਸਟਲਾਂ ਤੇ ਕੜੀ ਨਿਗਰਾਨੀ ਰੱਖਣ। ਜਿਸ ਹੋਸਟਲ ਵਿਚ ਨਸ਼ਿਆਂ ਦੀ ਵਰਤੋਂ ਜਿੰਨੀ ਵੱਧ ਹੋਵੇਗੀ ਉਥੇ ਉਨੀਆ ਹੀ ਲੜਾਈਆਂ ਅਤੇ ਜੁਰਮ ਵੀ ਵਧੇਗਾ। ਹੋਸਟਲ ਵਿਚ ਦਾਖਲੇ ਸਮੇਂ ਹਰ ਵਿਦਿਆਰਥੀ ਤੋਂ ਪ੍ਰਣ ਭਰਵਾਇਆ ਜਾਣਾ ਚਾਹੀਦਾ ਹੈ ਕਿ ਉਹ ਕਦੇ ਵੀ ਸ਼ਰਾਬ, ਗੁਟਖਾ, ਜਰਦਾ, ਡਰਗਜ਼ ਆਦਿ ਦੀ ਵਰਤੋਂ ਨਹੀਂ ਕਰੇਗਾ ਅਤੇ ਜੇਕਰ ਉਹ ਕਰੇ ਤਾਂ ਉਸ ਨੂੰ ਤੁਰੰਤ ਹੋਸਟਲ ਤੋਂ ਕੱਢ ਦਿੱਤਾ ਜਾਵੇ। ਇੰਝ ਅਸੀਂ ਆਪਣੇ ਵਿਦਿਆਰਥੀਆਂ ਨੂੰ ਨਸ਼ਿਆਂ ਦੀ ਜਿੱਲਣ ਤੋਂ ਬਚਾ ਸਕਾਂਗੇ।

ਵਿਦਿਆਰਥੀਆਂ ਨੂੰ ਭਰੋਸੇ ਵਿਚ ਲੈ ਕੇ ਇਸ ਗੱਲ ਪ੍ਰਤੀ ਪ੍ਰੇਰਿਤ ਕਰਨਾ ਚਾਹੀਦਾ ਹੈ ਕਿ ਉਹ ਨਸ਼ਾ ਵੇਚਣ ਵਾਲੇ ਅਤੇ ਨਸ਼ਾ ਵਰਤਣ ਵਾਲੇ ਵਿਦਿਆਰਥੀਆਂ ਬਾਰੇ ਅਧਿਕਾਰੀਆ ਨੂੰ ਗੁਪਤ ਰੂਪ ਵਿਚ ਸੂਚਿਤ ਕਰਨ। ਜੇਕਰ ਅਸੀਂ ਕਦਮ ਤੁਰੰਤ ਨਾ ਪੁੱਟ ਸਕੇ ਤਾਂ ਪੰਜਾਬ ਦੇ ਹੋਸਟਲਾਂ ਵਿਚ ਪੜ੍ਹਦੇ ਵਿਦਿਆਰਥੀ ਬੁਰੀ ਤਰ੍ਹਾਂ ਨਸ਼ਿਆਂ ਦਾ ਸ਼ਿਕਾਰ ਬਣ ਜਾਣਗੇ। ਅਤੇ ਉਨ੍ਹਾਂ ਨੂੰ ਬਚਾ ਸਕਣਾ ਅਤਿ ਕਠਨ ਕਾਰਜ ਬਣ ਜਾਵੇਗਾ।

ਜਿਸ ਸਬੰਧੀ ਕੇਵਲ ਕਾਲਜ ਅਧਿਕਾਰੀਆਂ ਜਾਂ ਹੋਸਟਲ ਵਾਰਡਨ ਦਾ ਅਹਿਮ ਰੋਲ ਨਹੀਂ ਹੈ। ਸਗੋਂ ਹਰ ਕਾਲਜ ਅਧਿਆਪਕ ਨੂੰ ਕਲਾਸ ਵਿਚ ਪੜ੍ਹਾਉਂਦਿਆਂ ਸਮੇਂ ਸਮੇਂ ਤੇ ਵਿਦਿਆਰਥੀਆਂ ਨਾਲ ਨਸ਼ਿਆਂ ਅਤੇ ਇਨ੍ਹਾਂ ਦੇ ਦੁਸ਼ਟ ਪ੍ਰਭਾਵਾਂ ਸਬੰਧੀ ਵਿਚਾਰ ਸਾਂਝੇ ਕਰਦੇ ਰਹਿਣਾ ਚਾਹੀਦਾ ਹੈ। ਉਨ੍ਹਾਂ ਨੂੰ ਵਿਦਿਆਰਥੀਆਂ ਨਾਲ ਬੇਝਿਜਕ ਗੱਲਾਂ ਕਰਕੇ ਨੇੜਤਾ ਬਨਾਉਣੀ ਚਾਹੀਦੀ ਹੈ। ਉਸ ਦੇ ਖਾਸ ਰੁਝਾਵਾਂ ਵਿਚ ਦਿਲਚਸਪੀ ਲੈਣੀ ਚਾਹੀਦੀ ਹੈ ਅਤੇ ਜੀਵਨ ਵਿਚ ਉਚੇ ਆਦਰਸ਼ ਮਿੱਥਣ ਵਿਚ ਮਦਦ ਕਰਨੀ ਚਾਹੀਦੀ ਹੈ।

ਇਸੇ ਤਰੀਕੇ ਨਾਲ ਮਾਤਾ ਪਿਤਾ ਦਾ ਰੋਲ ਵੀ ਅਤਿਅੰਤ ਜ਼ਰੂਰੀ ਹੈ। ਬੱਚਿਆਂ ਨੂੰ ਕਦੇ ਵੀ ਲੋੜ ਤੋਂ ਵੱਧ ਪੈਸੇ ਨਹੀਂ ਦੇਣੇ ਚਾਹੀਦੇ। ਉਨ੍ਹਾਂ ਦੇ ਕੰਮਾਂ ਅਤੇ ਦੋਸਤਾਂ ਵਿਚ ਦਿਲਚਸਪੀ ਲੈਣੀ ਚਾਹੀਦੀ ਹੈ। ਉਨ੍ਹਾਂ ਦੀਆਂ ਸਮੱਸਿਆਵਾਂ ਨੂੰ ਸਾਂਝਾ ਕਰਕੇ ਹੱਲ ਕੱਢਣ ਦੀ ਜਾਚ ਸਿਖਾਉਣੀ ਚਾਹੀਦੀ ਹੈ। ਘਰ ਵਿਚ ਮੌਜੂਦ ਦਵਾਈਆਂ ਤੇ ਨਿਗਰਾਨੀ ਰੱਖਣੀ ਚਾਹੀਦੀ ਹੈ। ਮਾਤਾ ਪਿਤਾ ਨੂੰ ਕੇਵਲ ਪੈਸੇ ਮਗਰ ਹੀ ਨਹੀਂ ਲੱਗੇ ਰਹਿਣਾ ਚਾਹੀਦਾ ਸਗੋਂ ਬੱਚਿਆਂ ਨਾਲ ਗੱਲਬਾਤ ਵੀ ਕਰਨੀ ਚਾਹੀਦੀ ਹੈ। ਅਤੇ ਵਿਸ਼ੇਸ਼ ਨਿਗਰਾਨੀ ਰੱਖਣੀ ਚਾਹੀਦੀ ਹੈ।

ਸਰਕਾਰੀ ਪੱਧਰ ਤੇ ਪ੍ਰਸ਼ਾਸ਼ਨ ਨੂੰ ਵਿਦਿਅਕ ਅਦਾਰਿਆਂ ਦੇ ਨੇੜੇ ਤੰਬਾਕੂ, ਸ਼ਰਾਬ ਆਦਿ ਦੇ ਖੋਖੇ ਤੁਰੰਤ ਹਟਾਉਣੇ ਚਾਹੀਦੇ ਹਨ। ਕਾਲਜਾਂ ਦੇ ਨੇੜੇ ਖੋਖਿਆਂ ਅਤੇ ਠੇਕਿਆਂ ਵਿਚ ਵਿਦਿਆਰਥੀਆ ਦੇ ਖਾਤੇ ਚਲਦੇ ਹਨ ਅਤੇ ਉਹ ਹਰ ਮਹੀਨੇ, ੨ ਮਹੀਨੇ ਪਿਛੋਂ ਅਦਾਇਗੀ ਕਰਦੇ ਹਨ। ਪੰਜਾਬ ਦੇ ਕਾਲਜਾਂ ਵਿਚੋਂ ਅਨੇਕਾਂ ਵਿਦਿਆਰਥੀ ਹੋਸਟਲਾਂ ਵਿਚ ਰਹਿਣ ਦੇ ਦੌਰਾਨ ਨਸ਼ਿਆਂ ਦੀ ਅਨ੍ਹੇਵਾਹ ਵਰਤੋਂ ਕਾਰਨ ਆਪਣੀ ਪੜ੍ਹਾਈ ਵਿਚੇ ਹੀ ਛੱਡ ਕੇ ਆਪਣਾ ਜੀਵਨ ਬਰਬਾਦ ਕਰ ਚੁੱਕੇ ਹਨ। ਕਾਲਜਾਂ ਦੇ ਨੇੜੇ ਦਵਾਈਆਂ ਦੀਆਂ ਦੁਕਾਨਾਂ ਵਾਲੇ ਵੀ ਇਨ੍ਹਾਂ ਵਿਦਿਆਰਥੀਆਂ ਨੂੰ ਬਿਨਾ ਪਰਚੀ ਦੇ ਉਹ ਦਵਾਈ ਆਮ ਦਿੰਦੇ ਹਨ ਜਿਨ੍ਹਾਂ ਦੀ ਦੁਰਵਰਤੋਂ ਕੀਤੀ ਜਾਂਦੀ ਹੈ। ਇਹ ਵੀ ਸੁਣਨ ਵਿਚ ਆਇਆ ਹੈ ਕਿ ਇਕ ਰਾਜ ਪੱਧਰੀ ਇਕੱਤਰਤਾ ਵਿਚ ਸ਼ਰਾਬ ਦੇ ਠੇਕੇਦਾਰਾਂ ਨੇ ਸ਼ਿਕਾਇਤ ਕੀਤੀ ਕਿ ਪੰਜਾਬ ਦੇ ਲੋਕ ਹੁਣ ਸ਼ਰਾਬ ਦੀ ਥਾਂ ਗੋਲੀਆਂ ਤੇ ਇੰਜੈਕਸ਼ਨ ਨਾਲ ਨਸ਼ਾ ਕਰਨ ਲੱਗ ਪਏ ਹਨ। ਇਸ ਲਈ ਉਨ੍ਹਾਂ ਦੀ ਸ਼ਰਾਬ ਦੀ ਖਪਤ ਵਿਚ ਬਹੁਤਾ ਵਾਧਾ ਨਹੀਂ ਹੋ ਰਿਹਾ।

ਸਮੱਸਿਆਂ ਬੜੀ ਗੰਭੀਰ ਹੈ ਸਾਨੂੰ ਸਭ ਨੂੰ ਇਸ ਪਾਸੇ ਵੱਲ ਨਿਗਰ ਕਦਮ ਪੁੱਟਣੇ ਚਾਹੀਦੇ ਹਨ। ਜੇਕਰ ਨਸ਼ਾ ਵੇਚਣ ਵਾਲੇ ਜਥੇਬੰਦ ਹਨ, ਇਕ ਮੁੱਠ ਹਨ ਤੇ ਸਾਨੂੰ ਆਪਣੇ ਵਿਦਿਆਰਥੀਆਂ ਦਾ ਜੀਵਨ ਬਚਾਉਣ ਲਈ ਸਭਨਾਂ ਅਧਿਆਪਕਾਂ, ਹੋਸਟਲ ਵਾਰਡਨਾਂ, ਸਮਾਜ ਸੇਵੀਆਂ ਸਭ ਨੂੰ ਇਕ ਮੁਠ ਹੋਣਾ ਪਵੇਗਾ। ਆਓ ਸ਼ੁਰੂਆਤ ਕਰੀਏ।

---


www.AKJ.Org

# ਸਾਵਧਾਨ ! ਖਾਲਸਾ ਜੀਓ

(ਭਾਈ ਗੁਰਭੇਜ ਸਿੰਘ ਬਾਦਸ਼ਾਹ ਪੁਰੀ)

ਸਿੱਖ ਕੌਮ ਦਾ ਬਹੁਤ ਅਮੀਰ ਵਿਰਸਾ, ਇਹਦੇ ਘਰ ਨੂੰ ਸੰਨ੍ਹ ਲਾਉਂਦੇ ਚੋਰ ਕਮੀਣੇ।
ਖਾਲਸਾ ਪੰਥ ਰੜਕੇ ਇਹਨਾਂ ਦੇ ਵਿੱਚ ਅੱਖੀਆਂ, ਕੌਮ ਅੱਗੇ ਅੜਚਣਾ ਡਾਹੁੰਦੇ ਮਸੰਤ ਮੀਣੇ।
ਬਾਣੀ ਬਾਣੇ ਨੂੰ ਤੋੜ ਮਰੋੜ ਪੇਸ਼ ਕਰਦੇ, ਗੁਰੂ ਗ੍ਰੰਥ ਪੰਥ ਦਾ ਨੁਕਸਾਨ ਕਰਦੇ ਧਰਮੋ ਹੀਣੇ।
ਦੰਭ ਵਾਦ ਦਾ ਇਹ ਪਾਖੰਡ ਰਚਾਉਂਦੇ ਰਹਿਣ ਸਦਾ, ਝੂਠਾ ਪ੍ਰਚਾਰ ਕਹਿੰਦੇ ਕਰਦੇ ਕੌਮ ਦੇ ਲਹੂ ਪੀਣੇ।
ਲੂੰਬੜ ਚਾਲਾ ਤੋਂ ਰਹਿਣਾ ਸੁਚੇਤ ਹੋ ਕੇ, ਕਿਤੇ ਸਾਥੋ ਸਿੱਖੀ ਸਿਧਾਂਤ ਨਾ ਜਾਣ ਛੀਣੇ।
ਸਿੱਖੀ ਪ੍ਰਚਾਰ ਕਰਨ ਲਈ ਤੋਰੀਏ ਲਹਿਰ ਆਪਾਂ, ਪਾਟੇ ਰਹੇ ਤਾਂ ਕੱਟੇ ਜਾਵਾਂਗੇ ਰੀਣੇ ਰੀਣੇ।
ਭੇਖਾ ਧਾਰੀ ਬਾਬੇ ਬਣਾਈ ਭੇਖ ਬੈਠੇ, ਉਤੋ ਰਾਮ ਰਾਮ ਅੰਦਰੋ ਛੁਰੀਆਂ ਫੇਰਦੇ ਨੇ।
ਓਟ ਆਸਰਾ ਤਕਦੇ ਜਾਗਤ ਜੋਤ ਗੁਰਪਜਣੀ ਦਾ, ਸੱਚ ਨੂੰ ਛੱਡ ਮਾਲਾ ਆਪਣੇ ਨਾਮ ਦੀ ਫੇਰਦੇ ਨੇ।
ਇੱਥੇ ਕਈ ਦੰਭੀ ਪਾਖੰਡੀ ਗੁਰੂ ਨੇ ਬਣੇ ਬੈਠੇ, ਮਾਇਆ ਇਕੱਠੀ ਕਰਨੇ ਲਈ ਸੰਗਤਾਂ ਨੂੰ ਪਰੇਰਦੇ ਨੇ।
ਭੋਲੀਆਂ ਭਾਲੀਆਂ ਸੰਗਤਾਂ ਨੂੰ ਰਹਿਣ ਆਪਣੇ ਜਾਲ ਫਸਾਉਂਦੇ ਅਗਨੀ ਬਾਣ ਚਲਾਉਣ ਇਹ ਆਪਣੇ ਮੇਹਰਦੇ ਨੇ
ਦੁੱਧ ਪੁੱਤ ਦਾ ਇਹ ਵਰਦਾਨ ਦੇਂਦੇ ਸਭ ਤਾਂਈ, ਗੱਡੀਆਂ ਐਸ਼ ਕਰਨ ਲਈ ਚੇਲੇ ਅਮੀਰ ਪਰੋਰਦੇ ਨੇ।
ਝੂਠ ਸੱਚ ਦਾ ਨਹੀ ਕੋਈ ਗਿਆਨ ਇਹਨਾਂ, ਗਲਤ ਅਰਥ ਕਰ ਬਾਣੀ ਤਾਂਈ ਬਖੇਰਦੇ ਨੇ।
ਠੱਗ ਚੋਰ ਲੁਟੇਰਿਆਂ ਮਚਾਈ ਏ ਲੁੱਟ ਇਥੇ, ਪ੍ਰਕਾਸ਼ ਸੱਚ ਦਾ ਦੇਖ ਇਹ ਘਬਰਾਈ ਜਾਂਦੇ।
ਖਾਲਸਾ ਪੰਥ ਹੈ ਨਿਆਰਾ ਤੇ ਸਦਾ ਰਹੇ ਨਿਆਰਾ, ਜਨਸੰਘੀ ਹਿੰਦੂ ਸਾਖ ਬਣਾਉਣ ਦਾ ਰੋਲਾ ਪਾਈ ਜਾਂਦੇ।
ਦਸਾਂ ਪਾਤਸ਼ਾਹੀਆਂ ਖੂਨ ਪਾ ਸਿੰਜਿਆ ਇਸ ਬੂਟੜੇ ਨੂੰ ਨਾਮਧਾਰੀਏ ਜਨਸੰਘੀ ਮੁਕਾਉਣ ਲਈ ਜੋਰ ਬਥੇਰਾ ਲਾਈ ਜਾਂਦੇ
ਖਾਲਸ ਉਦੋਂ ਮੁਕਿਆਂ ਨਾ ਸਿਰੀ ਮੁੱਲ ਪਾਏ ਮੈਨੂੰ, ਆਪਣੇ ਰਾਹ ਠੱਗੋ ਮੂਰਖ ਕੰਡੇ ਵੰਡਾਈ ਜਾਂਦੇ।
ਸਿਖ ਕੌਮ ਚੜਦੀਆਂ ਕਲਾ ਵਿੱਚ ਉਡਾਰੀਆਂ ਲਾਵਦਾਂ ਏ, ਤਾਂਈਓ ਖਾਲਸੇ ਨੇ ਆਪਣੀ ਸ਼ਾਨ ਵਧਾਈ ਜਾਂਦੇ।
ਨਾ ਹਿੰਦੂ ਨਾ ਮੁਸਲਮਾਨ ਖਾਲਸਾ ਪੰਥ ਨਿਆਰਾ ਏ, ਅਣਖੀ ਸੂਰਮੇ ਉੱਚੀ ਉੱਚੀ ਨਾਹਰਾ ਲਾਈ ਜਾਂਦੇ।
ਇਹਨਾਂ ਦੋਖੀਆਂ ਦਾ ਮੁਕਾਬਲਾ ਕਰਨੇ ਲਈ, ਧਰਮ ਪ੍ਰਚਾਰ ਦੀ ਲਹਿਰ ਹੁਣ ਚਲਾਈ ਜਾਵੇ।
ਇੱਟ ਦਾ ਜੁਆਬ ਪੱਥਰ ਨਾਲ ਦੇਣ ਲਈ, ਖਾਲਸਾ ਜੀ ਹੁਣ ਧਰਮ ਪੱਖੀ ਲਹਿਰ ਬਣਾਈ ਜਾਵੇ।
ਕਰਾਰੇ ਹੱਥਾਂ ਬਿਨ੍ਹਾਂ ਨਹੀਂ ਰੁਕਣੇ ਵਿਰੋਧੀ ਤੱਤ ਸਾਥੋ, ਜੇਕਰ ਕਰਜਾਹੁਣ ਮੋੜਨਾ ਡਿਊਟੀ ਲਗਾਈ ਜਾਵੇ।
ਸਿਖ ਕੌਮ ਨੂੰ ਘੁਣ ਲੱਗਿਆ ਵਾਂਗ ਲੱਕੜੀ ਏ, ਪੰਥ ਦਰਦੀਓ ਕੌਮ ਬਚਾਉਣ ਲਈ ਲਹਿਰ ਚਲਾਈ ਜਾਵੇ।
'ਬਾਦਸ਼ਾਹ ਪੁਰੀ' ਕੁਦਣਾ ਪਊ ਵਿੱਚ ਰਣ ਤੱਤਿਆ ਦੇ, ਸੱਚ ਤੇ ਪਹਿਰਾ ਦੇਣ ਲਈ ਕਲਮ ਚਲਾਈ ਜਾਵੇ।

---

(ਪੰਨਾ ੧੧ ਦਾ ਬਾਕੀ ...)

ਜੋ ਨ ਸੁਨਹਿ ਜਸੁ ਪਰਮਾਨੰਦਾ। ਪਸੁ ਪੰਖੀ ਤ੍ਰਿਗਦ ਜੋਨਿ ਤੇ ਮੰਦਾ।੩।੧੧੧।(ਗਉੜੀ ਮ: ੫)

ਇਨ੍ਹਾਂ ਸਾਰੀਆਂ 'ਉਕਾਈਆਂ' ਦੀ ਸਮਝ ਕਿੱਥੋਂ ਪਏ ? ਗੁਰੂ-ਦਰ ਤੋਂ।

ਸੋ, ਜਦ ਤਕ ਇਹ 'ਅਗਿਆਨਤਾ' ਟਿਕੀ ਹੋਈ ਹੈ, ਆਤਮਕ ਜੀਵਨ ਸੰਬੰਧੀ ਕੀਤੀ ਹੋਈ ਅਰਜ਼ੋਈ ਭੀ ਰਜ਼ਾ ਦੇ ਵਿਰੁੱਧ ਹੋ ਸਕਦੀ ਹੈ। ਹਿਰਦੇ ਦਾ ਭਾਂਡਾ ਪਹਿਲਾਂ ਖ਼ਾਲੀ ਕਰਨਾ ਪਏਗਾ, ਕੀ ਪਤਾ ਹੈ ਕਿ ਆਤਮਕ ਉੱਨਤੀ ਵਾਸਤੇ ਕੀਤੀ ਅਰਜ਼ੋਈ ਦਾ ਪਹਿਲਾ ਫਲ 'ਨਿਮਰਤਾ' ਹੀ ਹੋਵੇ। ਹੁਕਮ ਭੀ ਹੈ :

ਵਸਤੂ ਅੰਦਰਿ ਵਸਤੁ ਸਮਾਵੈ, ਦੂਜੀ ਹੋਵੈ ਪਾਸਿ।
ਸਾਹਿਬ ਸੇਤੀ ਹੁਕਮੁ ਨ ਚਲੈ, ਕਹੀ ਬਣੈ ਅਰਦਾਸਿ।

ਪਰ 'ਨਿਮਰਤਾ' ਨਿਮਰਤਾ ਵਿਚ ਫ਼ਰਕ ਹੈ। ਇਕ ਮੰਗਤਾ ਭੀ ਖ਼ੈਰ ਵਾਸਤੇ ਤਰਲੇ ਕਰਦਾ ਹੈ, ਇਕ ਬੱਚਾ ਭੀ ਪਿਉ ਪਾਸੋਂ ਮੰਗਦਾ ਹੈ। ਮੰਗਤੇ ਨੂੰ ਯਕੀਨ ਨਹੀਂ ਕਿ ਜ਼ਰੂਰ ਮਿਲੇਗਾ, ਬੱਚੇ ਨੂੰ ਯਕੀਨ ਹੈ-ਮੇਰਾ ਪਿਉ ਹੈ; ਮੈਨੂੰ ਦੇਵੇਗਾ। ਸੋ ਮੰਗਣ ਵੇਲੇ ਆਪਣੇ ਆਪ ਨੂੰ ਪਦਾਰਥ ਹਾਸਲ ਕਰਨ ਦੇ ਯੋਗ ਬਨਾਉਣਾ ਹੈ।



www.AKJ.Org

# THE DRINK THAT KILLS, AND YOU MAY NOT KNOW

The notion that the usage of alcohol restored energy and strength of mind is spread by addicts only. Besides, the belief about the effectiveness of alcohol as cure or preventive, is equally unfounded. In fact, its usage, under any circumstance may create serious individual, domestic, legal, medical and moral problems

## ALCOHOL DAMAGES LIVER

It is medically proved that alcohol causes damage to the liver. Studies have shown that daily intake of 150 200 grams of ethanol (Ethyl alcohol) for 10-12 days with or without an adequate diet, produces a fatty liver. It has also been found that regular, uncontrolled consumption of alcohol results in hepatitis and cirrhosis a condition which, in certain cases, might lead to liver cancer.

Besides, the relationship between alcohol and nutrition is two-fold. First, the consumption of alcohol by people falling in lower socioeconomic groups, tends to divert their meagre financial resources and adversely affects optimal intake of essential proteins and vitamins by the family as a whole. The worst sufferes of this tendency are the vulnerable groups like pregnant and lactating women and Pre-school children. Secondly, alcohol is known to impair the absorption and circulation of certain essential vitamins and aminoacids. When this happens,the alcoholic loses enerey and vitality.

## ALCOHOL CAUSES GASTROINTESTINAL DYSFUNCTION

The damage to liver apart, alcohol also causes gastrointestinal dysfunnction (mal-functioning). Solutions of alochol stimulate acid production resulting indelays in gastric empyting .And that may prove injurious to the mucosal barrier.

The intake of alcohol also adversely affects the pancreas (Gland near stomach discharging a disgestive secretion) Sometimes, it can cause acute pancreatitis (swelling of pancreas). It may also ,produce pancreatic malfunction and accentuate protein and caloric malnutrition.

## ALCOHOL AND THE NERVOUS SYSTEM

It is also well known that alcohol has a very bad effect on nervous system. This may be due to one of the following reasons:

(i) Direct effect of alcohol;

(ii) Indirect effects due to nutritional disorders in alcoholics; and

(iii) Effects which are primarily attributed to the functional disturbances of other organs, like the liver.

A concentration of alcohol in blood may directly affect the central nervous system. When this happens, the alcoholic may lose normal human behaviour, resulting in tresspassing of civic laws and conventions, society respects. The tendency to indulge in crime is directly attributable to it.

## ALCOHOL AND MUSCLES

Excessive intake of alcohol can sometimes affect adversely the cordiac muscle and the skeletal muscle function. An acute condition can cause sudden musclar cramps or even severe myoglouinuria (effect on heart muscle) along with painful swelling of the involved muscle. A recent experiment has shown direct toxic effect of alcohol on muscles.



www.AKJ.Org

In some cases, intemperate alcoholic intake can cause suppression of the formation of red blood cells, white blood ·cells and plotelets.

**ALCOHOL AND NUTRITION**

Each gram of alcohol provides 7.1 calories and therefore even in hobitual moderate drinkers, alcohol may provide more than a thousand calories per day. But these are "empty calories" only, since alcohlic also suffer from mal-absorption of many necessary nutrients ,such as fats ,carbohydrates;folic acid ,iron , Vit.B.1, Vit.B,12.and fat soluble vitamins. Even a person consuming good diet may suffer from malnutrition ,because the heavy alcohol intake interferes with the normal process of digestion and absorption.

Alcohol also tends to aggravate gout .It can also cause hypoglyceamia (lowering of blood sugar),which if not detected, can cause sudden death.

Besides bieng the potential gravest health hazard, alcoholism is increasingly becoming an important cause of many a domestic problem. Family distruption with resultant harm to the children, reduction in the working efficiency,a possible link with different kinds of final and total destitution, are only some of the social curses unleashed by the demon drink. The harrowing tales of industrial and traffic accidents due to alcoholism are only too many to recount.

(ਪੰਨਾ ੩੭ ਦਾ ਬਾਕੀ ....)

ਸੁਧ-ਕਰੰਮੀਆ, ਪਰਧਾਨ-ਕਰਮ ਕਰੰਮੀਆਂ ਉਤੇ ਹੀ ਇਹ ਮਿਹਰ ਨਦਰ ਨਾਜ਼ਲ ਹੁੰਦੀ ਹੈ। ਐਸੇ ਪਰਧਾਨ-ਕਰੰਮੀਏ ਗੁਰਮੁਖਿ ਜਨ ਅਨਦਿਨ ਸੁਜਾਗ ਅਤੇ ਸਾਵਧਾਨ ਹੋ ਕੇ ਹੋਰ ਵਧੇਰੇ ਅਭਿਆਸ ਕਮਾਈਆਂ ਕਰਨ ਵਿਚ ਜੋਰੋ ਜੋਰ ਜੁਟ ਜਾਦੇ ਹਨ। ਗੁਰੂ ਨਾਨਕ ਨਦਰਾਈ ਅਤੁਲ ਸੁਖ ਦੀ ਸਹਿਜ ਅਵਸਥਾ ਵਿਖੇ ਭੀ ਸਿਮਰਨ ਕਮਾਈਆਂ ਗੁਰਮੁਖਿ ਪਰਧਾਨ ਕਰੰਮੀਆਂ ਦੀਆਂ ਹੋਈਆਂ ਹੀ ਤੁਰੀਆਂ ਜਾਂਦੀਆਂ ਹਨ। ਹੁੰਦੀਆਂ ਹਨ ਅਤਯੰਤ ਅਹਿਲਾਦ ਭਰੀ ਅਭਿਆਸ ਹਰਿਆਵਲ ਅੰਦਰ। ਨਾ ਹੀ ਇਸ ਸੁਖਦਾਈ ਸਿਮਰਨ ਦੀ ਕੋਈ ਥਾਹ ਹੈ, ਨਾ ਸਿਮਰਨ ਕਲਾ ਦਾ ਕੋਈ ਹਦਬੰਨਾ ਹੀ ਹੈ। ਪਰੇ ਤੋਂ ਪਰੇ ਅਪਰੰਪਰ ਬਿਸਮਾਦ ਅਹਿਲਾਦ ਹੁੰਦਾ ਚਲਿਆ ਜਾਂਦਾ ਹੈ ਅਤੇ ਪੂਰਨ ਸੁਜਾਗਤਾ ਵਿਚਿ ਹੁੰਦਾ ਹੈ। ਜਿਨ੍ਹਾਂ ਇਸ ਅਨੰਦ ਨੂੰ ਮਾਣਿਆ ਹੈ, ਓਹੀ ਇਸ ਬਿਵਸਥਾ ਦੀ ਗਹਿਣਗਤਿ ਨੂੰ ਜਾਣਦੇ ਹਨ। ਏਸ ਗੁਰਮੁਖ ਪਰਧਾਨ ਕਰਮ, ਨਾਮ ਅਭਿਆਸਾਵੀ ਧਰਮ ਤੋਂ ਕਦੇ ਭੀ ਹਟਿਆ ਨਹੀਂ ਜਾ ਸਕਦਾ। ਅਕਦਾ ਨਹੀਂ, ਥਕਦਾ ਨਹੀਂ। ਉਕਦਾ ਨਹੀਂ, ਰੁਕਦਾ ਨਹੀਂ। ਐਸੀ ਜਹਿਜ ਮੁਖਮੇਵੀ ਟੇਵ ਪਈ ਹੋਈ ਹੁੰਦੀ ਹੈ, ਜੋ ਸੁਤੇ ਸੁਭਾਵ ਹੀ ਹੁੰਦੀ ਰਹਿੰਦੀ ਹੈ। ਅਹੰਮੇਵੀ ਹਠ-ਕਰੰਮੀਆਂ ਨੂੰ ਕੀ ਭੇਦ ਏਹਨਾਂ ਰੱਬੀ ਅਜ਼ਮੀ ਬਿਵਸਥਾਵਾਂ ਦੀ ਜੋ ਸ਼ੁਧ ਕਰੰਮੀਆਂ ਅਭਿਆਸ-ਮਰੰਮੀਆ ਨੂੰ ਪ੍ਰਾਪਤ ਪਰਤੱਖ ਹੁੰਦੀਆ ਹਨ। (ਚਲਦਾ)

(ਪੰਨਾ ੩੫ ਦਾ ਬਾਕੀ ...)

Godliness is promoted in the company of holy ones. Never seek another's company for going to join the holy congregation, lest it forms an obstacle. Worldly attachment persists till the very end to exclude any divine thought.

God-remamberance is so blissful that one does not crave for a heaven nor fears the hell. The worldly mortal is ever-engrossed in attachment and wishing for ever more. This persists through many births and deaths. Inspite of the suffering and strife that lie the wake of worldly attachment, one gives up and remain in its slumber, wasting precious human life. One can awaken from worldliness only in the holy company and forsaking the evil ones.

(To be Continued)



www.AKJ.Org

## ਮਾਸਿਕ ਪੱਤਰ ਸੂਰਾ ਨੂੰ ਬੰਦ ਕਰਵਾਉਣ ਦੀ ਸਾਜ਼ਿਸ਼ ਵਿਚ ਫੁੱਟ ਪਾਊ ਤਾਕਤਾਂ ਦਾ ਨਵਾਂ ਪੈਂਤੜਾ

ਅਖੰਡ ਕੀਰਤਨੀ ਜੱਥੇ ਦਾ ਮਾਸਿਕ ਪੱਤਰ ਸੂਰਾ ਅਗਸਤ 1994 ਤੋਂ ਲੁਧਿਆਣੇ ਤੋਂ ਛਪ ਕੇ ਸੰਗਤਾਂ ਦੀ ਸੇਵਾ ਵਿਚ ਪੁੱਜ ਰਿਹਾ ਹੈ। ਉਦੋਂ ਤੋਂ ਹੀ ਇਸ ਦੇ ਪ੍ਰਬੰਧਕਾਂ ਵੱਲੋਂ ਇਸ ਦਾ ਮਕਸਦ ਸਿਰਫ ਧਰਮ ਪ੍ਰਚਾਰ, ਅਤੇ ਨੀਤੀ ਨਿਰਪੱਖ ਰੱਖਣ ਦੀ ਕੋਸ਼ਿਸ਼ ਕੀਤੀ ਗਈ ਹੈ। ਜਿਵੇਂ ਕਿ ਮਈ ਮਹੀਨੇ ਦੇ ਅੰਕ ਵਿਚ ਵੀ ਸੰਗਤਾਂ ਦੀ ਗਿਆਤ ਹਿਤ ਦੱਸਿਆ ਗਿਆ ਸੀ ਕਿ ਕੁਝ ਇਕ ਦੋਖੀ ਅਨਸਰਾਂ ਵੱਲੋਂ ਗਾਹੇ ਬਗਾਹੇ ਸੂਰਾ ਪੱਤਰ ਨੂੰ ਨੁਕਸਾਨ ਪਹੁੰਚਾਉਣ ਦੀਆਂ ਕੋਸ਼ਿਸ਼ਾਂ ਜਾਰੀ ਹਨ ਉਸੇ ਲੜੀ ਵਿਚ ਹੀ ਹੁਣ ਪਿਛਲੇ ਦਿਨੀਂ ਅਖੌਤੀ ਪ੍ਰਬੰਧਕੀ ਪੰਚਾਇਣ ਵੱਲੋਂ ਚੰਡੀਗੜ੍ਹ ਦੇ ਇਕ ਵਕੀਲ ਸਾਹਿਬ ਦੀ ਮਾਰਫਤ ਸੂਰਾ ਪੱਤਰ ਦੇ ਸੰਪਾਦਕ ਨੂੰ ਕੁਝ ਦੋਸ਼ ਆਇਦ ਕਰਕੇ ਇਕ ਲੀਗਲ ਨੋਟਿਸ ਭੇਜਿਆ ਗਿਆ ਹੈ।

ਸੂਰਾ ਮਾਸਿਕ ਪੱਤਰ ਅਖੰਡ ਕੀਰਤਨੀ ਜੱਥੇ ਦੀਆਂ ਸਮੂਹ ਸੰਗਤਾਂ ਦਾ ਇਕੋ ਇਕ ਅਤੇ ਸਾਂਝਾ ਪਰਚਾ ਹੈ ਜੋ ਜੱਥੇ ਦੀਆਂ ਮਾਨਯਵਰ ਸਤਿਕਾਰਤ ਸਖਸ਼ੀਅਤਾਂ ਦੇ ਉੱਦਮ ਨਾਲ ਸ਼ੁਰੂ ਹੋਇਆ ਅਤੇ ਉਨ੍ਹਾਂ ਦੀਆਂ ਹੀ ਪ੍ਰੇਮ ਭਿੰਨੀਆਂ ਅਸੀਸਾਂ ਸਦਕਾ ਨਿਰਵਿਘਨ ਚੱਲ ਰਿਹਾ ਹੈ

ਹੁਣ ਕੁਝ ਫੁਟ ਪਾਊ ਤਾਕਤਾਂ ਵੱਲੋਂ ਸੂਰਾ ਨੂੰ ਨੁਕਸਾਨ ਪਹੁੰਚਾਉਣ ਹਿੱਤ ਕੀਤੀਆਂ ਜਾ ਰਹੀਆਂ ਕਾਰਵਾਈਆਂ ਅਤੇ ਭੇਜੇ ਇਸ ਨੋਟਿਸ ਉੱਤੇ ਅਤੇ ਹੋਰ ਸਬੰਧਤ ਮਸਲਿਆਂ ਉਤੇ ਵੀਚਾਰ ਕਰਨ ਲਈ ਮਿਤੀ **8 ਜੁਲਾਈ 2000** ਨੂੰ ਦੁਪਹਿਰ 2 ਵਜੇ ਗੁ: ਸ੍ਰੀ ਗੁਰੂ ਸਿੰਘ ਸਭਾ ਮਾਡਲ ਟਾਊਨ ਲੁਧਿਆਣਾ ਵਿਖੇ ਇਕੱਤਰਤਾ ਕੀਤੀ ਜਾ ਰਹੀ ਹੈ।

**ਅਖੰਡ ਕੀਰਤਨੀ ਜੱਥੇ ਨਾਲ ਸਬੰਧਤ ਪੁਰਾਤਨ ਅਤੇ ਨਵੀਨ ਸਮੂਹ ਗੁਰਮੁਖ ਪਿਆਰੀਆਂ ਸੰਗਤਾ ਪ੍ਰਤੀ ਬੇਨਤੀ ਹੈ ਕਿ ਸਮੇਂ ਸਿਰ ਇਸ ਇਕੱਤਰਤਾ ਦੀ ਹਾਜ਼ਰੀ ਭਰ ਕੇ ਆਪਣੇ ਵਡਮੁੱਲੇ ਸੁਝਾਅ ਦੱਸੋ ਤਾਂ ਕਿ ਪੈਦਾ ਹੋਈ ਇਸ ਬੇਲੋੜੀ ਚੁਣੌਤੀ ਦਾ ਹੱਲ ਕੱਢਿਆ ਜਾ ਸਕੇ।**

-ਦਾਸਰੇ-ਸੂਰਾ ਪਰਿਵਾਰ

### ਫ੍ਰੀ ਲਿਟ੍ਰੇਚਰ ਫੰਡ

| | |
|---|---|
| ਗੁਪਤ- | 160/- |
| ਸ: ਕੁਲਵੰਤ ਸਿੰਘ- | 100/- |
| ਸ੍ਰ: ਬਖਸ਼ੀਸ਼ ਸਿੰਘ ਫਗਵਾੜਾ- | 500/ |
| ਗੁਪਤ- | 33/- |
| ਗੁਪਤ- | 50/- |

### ਸੂਰਾ ਸਹਾਇਤਾ

| | |
|---|---|
| ਗੁਪਤ- | 50/- |
| ਸ੍ਰ: ਕੁਲਵੰਤ ਸਿੰਘ- | 100/- |
| ਸ੍ਰ: ਰਾਜਿੰਦਰ ਸਿੰਘ- | 100/- |
| ਮਾਸਟਰ ਸਾਧੂ ਸਿੰਘ- | 50/- |
| ਬੀਬੀ ਬਲਬੀਰ ਕੌਰ- | 4,000/- |

## ਆਓ ! ਸਤਿਗੁਰ ਅੱਗੇ ਜੋਦੜੀ ਕਰੀਏ।

ਸੱਚੇ ਪਾਤਸ਼ਾਹ ਨੇ ਮਿਹਰਾਂ ਬਖਸ਼ਿਸ਼ਾਂ ਕਰ ਭਾਈ ਸਾਹਿਬ ਰਣਧੀਰ ਸਿੰਘ ਜੀ ਦੇ ਰੂਪ ਵਿਚ ਰੰਗ ਰਤੜਾ ਦੁਲਾਰਾ ਇਸ ਸੰਸਾਰ ਵਿਚ ਭੇਜਿਆ ਜਿਸ ਨੇ ਲਗਭਗ ਅਲੋਪ ਹੋ ਰਹੀਆਂ ਗੁਰੂ ਸਾਹਿਬ ਵੱਲੋਂ ਦਰਸਾਈਆਂ ਗੁਰਮਤਿ ਰਹੁ ਰੀਤਾਂ ਨੂੰ ਅਪਣਾ ਕੇ ਔਖੇ ਤੋਂ ਔਖੇ ਸਮੇਂ ਵਿਚ ਵੀ ਆਪਣੇ ਸਰੀਰ ਉੱਤੇ ਹੰਢਾਇਆ। ਪ੍ਰਥਮੇ ਮਨ ਪਰਬੋਧਹ ਅਪਨਾ, ਪਾਛੈ ਅਵਰੁ ਰੀਝਾਵੈ ਦੇ ਮਹਾਵਾਕ ਉੱਤੇ ਪਹਿਰਾ ਦੇ ਕੇ ਪਹਿਲਾਂ ਆਪ ਤੱਤ ਗੁਰਮਤਿ ਰਹਿਤ ਰਹਿਣੀ ਨੂੰ ਆਪਣੇ ਜੀਵਨ ਵਿਚ ਧਾਰਨ ਕੀਤਾ ਅਤੇ ਫਿਰ ਆਪਣੇ ਸੰਗੀ ਸਾਥੀ ਅਤੇ ਹੋਰਨਾਂ ਸੰਗਤਾਂ ਨੂੰ ਇਸ ਰਹਿਤ ਰਹਿਣੀ ਵਿਚ ਜੀਊਣ ਦੀ ਪ੍ਰੇਰਨਾ ਕੀਤੀ।

ਆਪ ਜੀ ਵੱਲੋਂ ਆਯੂ ਪ੍ਰਯੰਤ ਕੀਤੀ ਆਪਣੀ ਇਸ ਘਾਲ-ਕਮਾਈ ਦਾ ਸਦਕਾ ਇਹ ਅਖੰਡ ਕੀਰਤਨੀ ਜੱਥਾ ਨਾਂ ਦਾ ਪ੍ਰੇਮ ਅਖਾੜਾ ਹੋਂਦ ਵਿਚ ਆਇਆ ਜਿਸਦਾ ਮਕਸਦ ਸਮੂਹ ਪ੍ਰੇਮੀਆਂ ਵੱਲੋਂ ਆਪਣੇ ਜੀਵਨ ਨੂੰ ਗੁਰਮਤਿ ਰਹਿਤ ਰਹਿਣੀ ਵਿਚ ਢਾਲ ਕੇ, ਗੁਰਮਤਿ ਨਾਮ ਅਭਿਆਸ ਦੀਆਂ ਅਤੁੱਟ ਕਮਾਈਆਂ ਕਰ ਅਤੇ ਸਮੇਂ ਸਮੇਂ ਸਿਰ ਨਿਰੋਲ ਗੁਰਬਾਣੀ ਦੇ ਅਖੰਡ ਕੀਰਤਨ ਅਖਾੜੇ ਰਚ, ਗੁਰਬਾਣੀ ਦੇ ਅਮੋਘ ਬਾਣਾਂ ਰਾਹੀਂ ਆਪਣੀਆਂ ਆਤਮਾਵਾਂ ਨੂੰ ਸ਼ਾਂਤ ਕਰ ਗੁਰਸਿੱਖ ਬੰਣਨ ਵੱਲ ਪੁਲਾਘਾਂ ਪੁੱਟਣਾ ਸੀ।

ਪਿਛਲੇ ਕੁਝ ਸਾਲਾਂ ਤੋਂ ਜੱਥੇ ਦੇ ਸਿੰਘਾਂ ਵਿਚ ਰਹਿਤ ਰਹਿਣੀ ਪੱਖੋਂ ਆਈਆਂ ਕੁਝ ਢਿੱਲਾਂ ਸਦਕਾ ਕੁਝ ਪੰਥ ਦੋਖੀ ਸ਼ਕਤੀਆਂ ਵੱਲੋਂ ਜੱਥੇ ਦੇ ਅੰਦਰੂਨੀ ਮਾਮਲਿਆਂ ਵਿਚ ਦਖਲ ਅੰਦਾਜ਼ੀ ਕਰ ਕੁਝ ਇਸ ਤਰ੍ਹਾਂ ਦੇ ਭੁਲੇਖੇ ਅਤੇ ਵਾਦ-ਵਿਵਾਦ ਖੜੇ ਕਰ ਦਿੱਤੇ ਗਏ ਹਨ ਜੋ ਅਖੰਡ ਕੀਰਤਨੀ ਜੱਥੇ ਵਿਚ ਨਜ਼ਰ ਆ ਰਹੀਆਂ ਤਰੇੜਾਂ ਦਾ ਕਾਰਨ ਬਣੇ ਹਨ ਜਿਸ ਨਾਲ ਭਾਈ ਸਾਹਿਬ ਵੱਲੋਂ ਕਾਇਮ ਕੀਤੇ ਇਹਨਾਂ ਪ੍ਰੇਮ ਅਖਾੜਿਆਂ ਦਾ ਰੰਗ ਕੁਝ ਫਿਕਾ ਭਾਸਣ ਲੱਗ ਪਿਆ ਹੈ ਤੇ ਜੱਥੇ ਦੇ ਆਗੂਆਂ ਵਿਚਲੀ ਆਪਸੀ ਖਿੱਚੋਤਾਣ ਦਿਨੋ ਦਿਨ ਵੱਧਦੀ ਹੀ ਜਾ ਰਹੀ ਹੈ।

ਕੁਝ ਦਰਦੀ ਵੀਰਾਂ ਵੱਲੋਂ ਸਮੇਂ ਸਮੇਂ ਸਿਰ ਇਸ ਵਾਦ-ਵਿਵਾਦ ਨੂੰ ਖਤਮ ਕਰਾਉਣ ਦੇ ਯਤਨਾਂ ਨੂੰ ਜੱਥੇ ਵਿਚ ਆ ਵੜੇ ਕੁਝ ਅਣਚਾਹੇ ਚੌਧਰੀਆ ਸਦਕਾ, ਸਫਲਤਾ ਨਹੀਂ ਮਿਲੀ। ਸੋ ਕੁਝ ਦਰਦੀ ਗੁਰਮੁਖ ਪਿਆਰਿਆਂ ਨੇ ਆਪਸੀ ਵਿਚਾਰ ਵਟਾਦਰਾਂ ਕਰ ਇਸ ਬਿਖੜੇ ਸਮੇਂ ਤੋਂ ਉਬਰਨ ਲਈ ਗੁਰੂ ਮਹਾਰਾਜ ਅੱਗੇ ਸਮੂਹਿਕ ਅਰਦਾਸ ਕਰਨ ਦਾ ਫੈਸਲਾ ਕੀਤਾ ਹੈ

ਸੋ ਅਖੰਡ ਕੀਰਤਨੀ ਜੱਥੇ ਦੀਆ ਹਿਤੈਸ਼ੀ ਸਮੂਹ ਗੁਰੂ ਪਿਆਰੀਆਂ ਸੰਗਤਾਂ ਪ੍ਰਤੀ ਬੇਨਤੀ ਹੈ ਕਿ 25 ਜੁਲਾਈ 2000 ਨੂੰ ਗੁਰੂ ਹਰਿ ਕ੍ਰਿਸ਼ਨ ਸਾਹਿਬ ਜੀ ਦੇ ਪ੍ਰਕਾਸ਼ ਪੁਰਬ ਵਾਲੇ ਦਿਨ ਦੁਪਹਿਰ 2 ਵਜੇ ਹਰ ਪ੍ਰਾਣੀ ਜਿੱਥੇ ਕਿਤੇ ਵੀ ਹੋਵੇ ਪੰਜ ਪੰਜ ਚੌਪਈ ਸਾਹਿਬ ਦੇ ਪਾਠ ਕਰ ਕੇ ਗੁਰੂ ਪਾਤਸ਼ਾਹ ਦੇ ਸਨਮੁੱਖ ਅਰਦਾਸ ਕਰੇ ਕਿ ਪਾਤਸ਼ਾਹ ਸਾਡੀਆਂ ਗਲਤੀਆਂ ਬਖਸ਼ ਕੇ ਅਸਾਨੂੰ ਮੁੜ ਕੇ ਪੁਰਾਤਨ ਗੁਰਸਿੱਖਾਂ ਵਾਲਾ ਪਿਆਰ ਸਤਿਕਾਰ ਬਖਸ਼ਣ ਤਾਂ ਕਿ ਇਹਂ ਪ੍ਰੇਮ ਅਖਾੜੇ ਮੁੜ ਕੇ ਨਾਮ ਰੰਗ ਦੀਆਂ ਖੁਸ਼ਬੂਆਂ ਖਿਲੇਰਨ ।

ਦਾਸਰਾ ਸੰਪਾਦਕ ਸੂਰਾ ਮਾਸਿਕ ਪੱਤਰ


www.AKJ.Org

# ਸਲੋਕ ਭਗਤ ਕਬੀਰ ਜੀਉ ਕੇ

(Translated By Jaspinder Singh)

ਕਬੀਰ ਚੁਗੈ ਚਿਤਾਰੈ ਭੀ ਚੁਗੈ ਚੁਗਿ ਚੁਗਿ ਚਿਤਾਰੇ॥ ਜੈਸੇ ਬਚਰਹਿ ਕੂੰਜ ਮਨ ਮਾਇਆ ਮਮਤਾ ਰੇ॥ ੧੨੩॥

Slok No.123 : O' Kabir! One keeps running after worldliness and the mind remains restless with worldly attachment, like the bird that keeps picking grains and also remembers of its young ones in the nest.- 123

ਕਬੀਰ ਅੰਬਰ ਘਨਹਰੁ ਛਾਇਆ ਬਰਖਿ ਭਰੇ ਸਰ ਤਾਲ॥ ਚਾਤ੍ਰਿਕ ਜਿਉ ਤਰਸਤ ਰਹੈ ਤਿਨ ਕੋ ਕਉਨੁ ਹਵਾਲੁ॥੧੨੪॥

Slok No.124 : O' Kabir! The sky is overcast and the rain water has filled up all big and small ponds, yet the rain bird remains thirsty and deprived. Like the miserable rain bird, an atheist cannot envision the All-Pervading Lord and suffers from attachment to worldliness-124

ਕਬੀਰ ਚਕਈ ਜਉ ਨਿਸਿ ਬੀਛੁਰੈ ਆਇ ਮਿਲੈ ਪਰਭਾਤਿ॥ ਜੋ ਨਰ ਬਿਛੁਰੇ ਰਾਮ ਸਿਉ ਨਾ ਦਿਨ ਮਿਲੇ ਨ ਰਾਤਿ॥੧੨੫॥

Slok No.125 : O' Kabir! The female partridges gets separated from its male companion at night and gets reunited with dawn of the day. However the mortals who forsake Divine due to darkness of worldly attachment are not united with The Lord this world or hereaftert.-125

ਕਬੀਰ ਰੈਨਾਇਰ ਬਿਛੋਰਿਆ ਰਹੁ ਰੇ ਸੰਖ ਮਝੂਰਿ॥ ਦੇਵਲ ਦੇਵਲ ਧਾਹੜੀ ਦੇਸਹਿ ਉਗਵਤ ਸੂਰ॥੧੨੬॥

Slok No.126 : O' Kabir! The sea-shell is better off in the sea, as separated it shall wail aloud every morning from the temples every morning.-126

ਕਬੀਰ ਸੂਤਾ ਕਿਆ ਕਰਹਿ ਜਾਗੁ ਰੋਇ ਭੈ ਦੁਖ॥ ਜਾ ਕਾ ਬਾਸਾ ਗੋਰ ਮਹਿ ਸੋ ਕਿਉ ਸੋਵੈ ਸੁਖ॥੧੨੭॥

Slok N. 127 : O' Kabir! Why do you remain asleep in worldly attachment? Be awake and get rid of your fear and strif. To remain in worldliness is like the dead in the grave. how can much a one ever enjoy the bliss that comes to renouncers thought Godliness.-127

ਕਬੀਰ ਸੂਤਾ ਕਿਆ ਕਰਹਿ ਉਠਿ ਕਿ ਨ ਜਪਹਿ ਮੁਰਾਰਿ॥ ਇਕ ਦਿਨ ਸੋਵਨੁ ਹੋਇਗੋ ਲਾਂਬੇ ਗੋਡ ਪਸਾਰਿ॥੧੨੮॥

Slok No. 128 : O' Kabir! Why remain asleep in worldliness and not awaken to contemplate of Divine? Soon the life shall end and you will sleep forever.-128

ਕਬੀਰ ਸੂਤਾ ਕਿਆ ਕਰਹਿ ਬੈਠਾ ਰਹੁ ਅਰੁ ਜਾਗੁ॥ ਜਾ ਕੇ ਸੰਗ ਤੇ ਬੀਛੁਰਾ ਤਾ ਹੀ ਕੇ ਸੰਗਿ ਲਾਗੁ॥੧੨੯॥

Slok No. 129 : O' Kabir! Why waste life in slumber of ignorance. Awaken and sit in meditation of Divine. Contemplate of the Source, from Divine, from which you are separated. Godremamberance shall reunite you with the blissful source.-129

ਕਬੀਰ ਸੰਤ ਕੀ ਗੈਲ ਨ ਛੋਡੀਐ ਮਾਰਗਿ ਲਾਗਾ ਜਾਉ॥ ਪੇਖਤ ਹੀ ਪੁੰਨੀਤ ਹੋਇ ਭੇਟਤ ਜਪੀਐ ਨਾਉ॥੧੩੦॥

Slok No. 130 : O' Kabir! leave not the company of a keep in his track. The very sight of a saint is purifying and his company leads to God- meditaton.-130

ਕਬੀਰ ਸਾਕਤ ਸੰਗੁ ਨ ਕੀਜੀਐ ਦੂਰਹਿ ਜਾਈਐ ਭਾਗਿ॥ ਬਾਸਨੁ ਕਾਰੋ ਪਰਸੀਐ ਤਉ ਕਛੁ ਲਾਗੈ ਦਾਗੁ॥੧੩੧॥

Slok No. 131 : O' Kabir! Never be in the company of a worldly non-believer and keep away at a distnce. Toucing a blackened pot is bound to leave a black mark.- 131

**Slok No. 102 to 131 Summary**

No price is too great for Nam-devotion. Godliness weaknes worldly attachment and there is a sea-change in mind-orientation from worldly attachment to Nam-devotion and blissful of equipoise. Mere rituals cannot save from evil and the sins cannot be hidden from the Divine. Lack of godliness leads to complete engrossment in worldliness and reliance on meaningless rituals. However to engage in giodliness calls for lot of sacrifice and a spirit of renunciation. The fragrance of godliness too is imparted to and dear ones like sandal-wood tree. Only Godly Nam is the ultimate and reliable support. All other worldly possessions are transitory and unenduring. However Nam-devotion is a Divine gift. While worldliness is the cause of self-ruination. Nam-Divine is the savior!

(ਬਾਕੀ ਪੰਨਾ ੩੨ ਤੇ ..)



www.AKJ.Org

# ਗੁਰਮਤਿ ਅਧਿਆਤਮ ਕਰਮ ਫ਼ਿਲਾਸਫ਼ੀ

ਭਾਈ ਸਾਹਿਬ ਭਾਈ ਰਣਧੀਰ ਸਿੰਘ ਜੀ

ਲੜੀ ਜੋੜਨ ਲਈ ਸੂਰਾ ਜੂਨ ੨੦੦੦ ਦੇਖੋ

## ੨੯ -ਗੁਰਮੁਖਿ ਕਰਮ ਪਰਧਾਨ

ਜਗਤੁ ਅਗਿਆਨੀ ਅੰਧੁ ਹੈ ਦੂਜੇ ਭਾਇ ਕਰਮ ਕਮਾਇ॥
ਦੂਜੈ ਭਾਇ ਜੇਤੇ ਕਰਮ ਕਰੇ ਦੁਖੁ ਲਗੈ ਤਨਿ ਧਾਇ॥
ਗੁਰ ਪਰਸਾਦੀ ਸੁਖੁ ਊਪਜੈ ਜਾ ਗੁਰ ਕਾ ਸਬਦੁ ਕਮਾਇ॥
ਸਚੀ ਬਾਣੀ ਕਰਮ ਕਰੇ ਅਨਦਿਨੁ ਨਾਮੁ ਧਿਆਇ॥
ਨਾਨਕ ਜਿਤੁ ਆਪੇ ਲਾਏ ਤਿਤੁ ਲਗੇ ਕਹਣਾ ਕਿਛੂ ਨ ਜਾਇ॥੧॥(੧੮)

(ਸਲੋਕ ਮ: ੩, ਵਡਹੰਸ ਕੀ ਵਾਰ, ਪੰਨਾ ੫੯੩)

ਵਿਆਖਿਆ :- ਸਾਰਾ ਜਗਤੁ ਅੰਧਲਾ ਹੈ ਅਗਿਆਨੀ ਹੈ, ਕਿਉਂਕਿ ਦੂਜੇ ਭਾਇ ਦੇ ਕਰਮ ਕਮਾਉਣ ਵਿਚਿ ਹੀ ਉਲਝਿਆ ਰਹਿੰਦਾ ਹੈ, ਦੂਜੇ ਭਾਇ ਵਾਲੇ ਜਿਤਨੇ ਭੀ ਕਰਮ ਹਨ ਸਭ ਦੁਖਦਾਈ ਹਨ। ਏਹਨਾਂ ਦੂਜੇ ਭਾਇ ਦੇ ਕਰਮ ਕਰਨਹਾਰਿਆਂ ਦੇ ਉਹ ਸਭ ਹਠ ਕਰਮ ਹਨ, ਜਿਸ ਕਰਕੇ ਤਿਨ੍ਹਾਂ ਹਠ-ਕਰਮ ਕਰਨਹਾਰਿਆਂ ਨੂੰ ਸਾਰੇ ਸਰੀਰਕ ਰੋਗ ਧਾਈ ਕਰ ਕੇ ਆ ਚਿਮੜਦੇ ਹਨ। ਗੁਰ-ਪ੍ਰਸਾਦੀ ਗੁਰਸ਼ਬਦ ਕਮਾਵਣਹਾਰਿਆਂ ਨਾਮ ਅਭਿਆਸੀਆਂ, ਕੇਵਲ ਗੁਰਮਤਿ ਨਾਮ ਗੁਰਮੁਖ ਪਰਧਾਨ ਕਰਮ ਕਰਨਾਸੀਆਂ ਦੇ ਹਿਰਦੇ ਅੰਦਰਿ ਸਦਾ ਸੁਖੁ ਆਇ ਨਿਵਾਸ ਕਰਦਾ ਹੈ, ਜਿਸਦੇ ਕਾਰਨ ਓਹਨਾਂ ਦਾ ਮਨ ਭੀ ਸੁਖੀ ਅਤੇ ਤਨ ਭੀ ਸੁਖੀ ਰਹਿੰਦਾ ਹੈ। ਓਹ ਸਦਾ ਸੱਚੀ ਬਾਣੀ ਗੁਰਬਾਣੀ ਨੂੰ ਗਾਵਣ ਪੜ੍ਹਣ ਸੁਣਨ ਰੂਪੀ ਸੱਚੇ ਕਰਮ ਹੀ ਕਰਦੇ ਰਹਿੰਦੇ ਹਨ। ਅਤੇ ਦਿਨੇ ਰਾਤਿ ਸੁਆਸਿ ਸੁਆਸਿ ਨਾਮ ਨੂੰ ਹੀ ਧਿਆਉਂਦੇ ਰਹਿੰਦੇ ਹਨ। ਨਾਮ ਧਿਆਉਣ ਗੁਰਬਾਣੀ ਕਰਮ ਕਮਾਉਣ ਦੀ ਬਰਕਤ ਨਾਲ ਤਿਨ੍ਹਾਂ ਨੂੰ ਕੋਈ ਦੁਖ ਨਹੀਂ ਪੋਂਹਦਾ, ਸਦਾ ਸੁਖ ਆਨੰਦ ਵਿਚਿ ਹੀ ਵਿਗਸੇ ਸਰਸੇ ਰਹਿੰਦੇ ਹਨ। ਹੋਰਤ ਕਰਮ ਕਮਾਉਣਹਾਰੇ ਸਦਾ ਦੁਖੀ ਸੜੇ ਬੁਝੇ ਅਤੇ ਕ੍ਰਿਝੇ ਹੀ ਰਹਿੰਦੇ ਹਨ। ਐਸੀ ਹੈ ਵਡਿਆਈ ਗੁਰਮਤਿ ਨਾਮ ਦੇ ਗੁਰਸਿਖ ਦੇ ਪਰਧਾਨ ਕਰਮ ਅਭਿਆਸ ਦੀ। ਵਾਹਿਗੁਰੂ ਦੀ ਮੇਹਰੰਮਤ ਨਾਲਿ ਹੀ ਗੁਰੂ ਦੇ ਗੁਰਸਿਖ ਇਸ ਪਰਧਾਨ ਗੁਰਮੁਖ ਕਰਮ ਨੂੰ ਕਰਨ ਲਈ ਤੱਤਪਰ ਹੁੰਦੇ ਹਨ।

ਅਨਿਕ ਜਨਮ ਵਿਛੁੜੇ ਦੁਖੁ ਪਾਇਆ ਮਨਮੁਖਿ ਕਰਮ ਕਰੈ ਅਹੰਕਾਰੀ॥
ਸਾਧੂ ਪਰਸਤ ਹੀ ਪ੍ਰਭੁ ਪਾਇਆ ਗੋਬਿੰਦ ਸਰਣਿ ਤੁਮਾਰੀ॥੧॥
ਗੋਬਿੰਦ ਪ੍ਰੀਤਿ ਲਗੀ ਅਤਿ ਪਿਆਰੀ॥
ਜਬ ਸਤਸੰਗ ਭਏ ਸਾਧੂ ਜਨ ਹਿਰਦੈ ਮਿਲਿਆ ਸਾਂਤਿ ਮੁਰਾਰੀ॥੧॥ ਰਹਾਉ॥
ਤੂ ਹਿਰਦੈ ਗੁਪਤੁ ਵਸਹਿ ਦਿਨੁ ਰਾਤੀ ਤੇਰਾ ਭਾਉ ਨਾ ਬੁਝਹਿ ਗਵਾਰੀ॥
ਸਤਿਗੁਰੁ ਪੁਰਖੁ ਮਿਲਿਆ ਪ੍ਰਭੁ ਪ੍ਰਗਟਿਆ ਗੁਣ ਗਾਵੈ ਗੁਣ ਵੀਚਾਰੀ॥੨॥
ਗੁਰਮੁਖਿ ਪ੍ਰਗਾਸੁ ਭਇਆ ਸਾਂਤਿ ਆਈ ਦੁਰਮਤਿ ਬੁਧਿ ਨਿਵਾਰੀ॥
ਆਤਮ ਬ੍ਰਹਮੁ ਚੀਨਿ ਸੁਖੁ ਪਾਇਆ ਸਤਸੰਗਤਿ ਪੁਰਖ ਤੁਮਾਰੀ॥੩॥
ਪੁਰਖੈ ਪੁਰਖੁ ਮਿਲਿਆ ਗੁਰੁ ਪਾਇਆ ਜਿਨ ਕਉ ਕਿਰਪਾ ਭਈ ਤੁਮਾਰੀ॥
ਨਾਨਕ ਅਤੁਲੁ ਸਹਜ ਸੁਖੁ ਪਾਇਆ ਅਨਦਿਨ ਜਾਗਤੁ ਰਹੈ ਬਨਵਾਰੀ॥

੪॥੭॥ (ਸੋਰਠਿ ਮ: ੪ ਦੁਤੁਕ, ਪੰਨਾ ੬੦੭)

ਵਿਆਖਿਆ :- ਗੁਰਮਤਿ ਤੋਂ ਘੁਥੇ ਹੋਏ ਮਨਮੁਖ ਲੋਗ ਜੋ ਕਰਮ ਕਰਦੇ ਹਨ, ਅਹੰਕਾਰ ਮਾਨ ਮਤੇ ਹੋਏ ਹੀ ਕਰਦੇ ਹਨ। ਤਾਂ ਤੇ ਇਹ ਅਹੰਕਾਰ ਮਤਸਰੀ ਕਰਮ ਕਦੇ ਥਾਂਇ ਨਹੀਂ ਪੈਂਦੇ, ਸਗੋਂ ਅਨੇਕ ਜਨਮ ਜੋਨੀਆਂ ਵਿਚਿ ਭ੍ਰਮਾਉਂਦੇ ਹਨ ਕਰਮ ਕਰਨ ਹਾਰਿਆਂ ਨੂੰ। ਅਨਿਕ ਜਨਮਾਂ ਦੇ ਵਿਛੁੜਿਆਂ ਨੂੰ ਸਦਾ ਦੁਖ



www.AKJ.Org

ਹੀ ਦੁਖ ਹੈ। ਸਭ ਤੋਂ ਵਧੀਕ ਵਾਹਿਗੁਰੂ ਵਿਛੋੜੇ ਦਾ ਹੈ। ਇਹ ਵਿਥ ਵਿਛੋੜੇ ਦੀ ਕਦੇ ਮਿਲਣੀ ਨਹੀਂ ਪਾਉਂਦੀ। ਗੁਰੂ ਵਾਹਿਗੁਰੂ ਦੀ ਨੇਤ-ਨਦਰੀ (ਕਿਰਪਾ ਦ੍ਰਿਸ਼ਟੀ ਦੁਆਰਾ) ਜਿਸ ਵਡਭਾਗੇ ਜਨ ਨੂੰ ਗੁਰੂ-ਨਾਨਕ-ਜੋਤਿ-ਜਾਮੀਆਂ ਸਾਧੂ ਮਿਲ ਗਿਆ ਹੈ ਤਿਸਨੂੰ ਐਸੇ ਗੁਰੂ ਸਾਧ ਨੂੰ ਪਰਸਦਿਆਂ ਦੀ ਵਾਹਿਗੁਰੂ ਪ੍ਰਾਪਤੀ ਦੀ ਧੀਰਕ ਬੱਝ ਗਈ ਹੈ। ਨਾਨਕ ਸਰੂਪ ਗੁਰੂ ਦੀ ਪਾਰਸ-ਛੋਹ ਨਾਲਿ ਵਾਹਿਗੁਰੂ-ਪ੍ਰਾਪਤੀ ਦਾ ਐਸਾ ਧੁਰਵਾ ਬੱਝਾ ਕਿ ਸੱਚੀ ਸ਼ਰਨਾਈ, ਗੋਬਿੰਦ ਸਰਨਾਈ ਵਾਲੀ ਜ਼ਾਹਰ ਜ਼ਹੂਰ ਹਜ਼ੂਰੀ ਦਾ ਇਨਸ਼ਾਫ਼ ਹੋ ਗਿਆ। ਗੁਰੂ ਨਾਨਕ ਦੇ ਹਰਿ ਦਰਿ ਵਾਰਦ (ਦਾਖਲ) ਹੋਣ ਕਰਕੇ ਗੁਰੂ ਘਰ ਦੇ ਵਰੋਸਾਇਆ ਹੋਇਆਂ ਦੀ ਸੰਗਤਿ ਪ੍ਰਾਪਤਿ ਹੋਈ ਤੇ ਗੁਰੂ ਦੁਆਰਿਓਂ ਗੁਰ-ਦੀਖਿਆ ਮਿਲੀ। ਗੁਰ-ਦੀਖਿਆ ਗੁਰ-ਮੰਤ੍ਰ ਦ੍ਰਿੜ੍ਹ ਹੋਣ ਕਰਿ ਗੁਰਮਤਿ ਨਾਮ ਦੀ ਅਤੁੱਟ ਕਮਾਈ ਕੀਤੀ। ਇਸ ਅਤੁੱਟ ਅਭਿਆਸ ਕਮਾਈ ਦੇ ਪਰਤਾਪ ਕਰਿ ਵਾਹਿਗੁਰੂ-ਪ੍ਰਾਪਤੀ ਸੰਦਾ ਮੁਬਾਰਕ ਕ੍ਰਿਸ਼ਮਾਈ ਦਿਵਸ ਦੇਖਣਾ ਨਸੀਬ ਹੋਇਆ। ਨਾਮ ਜੋਤਿ ਰਹੱਸ ਹਿਰਦੇ ਅੰਦਰਿ ਪਰਫੁਲੱਤ ਹੋਣ ਕਰਿ (ਜੋ ਅਭਿਆਸ ਕਮਾਈ ਦੇ ਜੋਰਿ ਹੋਇਆ) ਗੋਬਿੰਦ-ਪ੍ਰੀਤ ਪਿਆਰ ਦਾ ਅੱਤ ਪਰਚਵੀ ਸੁਆਦ ਆਇਆ। ਗੋਬਿੰਦ ਪ੍ਰੀਤ ਅੱਤ ਮਿਠ ਰਸੀ ਅਤੇ ਪਿਆਰੀ ਹੋਇ ਪੁਕਰੀ। ਗੁਰੂਦੁਆਰਿਓਂ ਪੂਰਨ ਪਾਤਰ ਅਧਿਕਾਰੀ ਨੂੰ ਅੰਮ੍ਰਿਤ ਨਾਮ ਪ੍ਰਾਪਤਿ ਹੋਣ ਸਾਰ ਗੁਰੂ ਨਾਨਕ ਜਾਮੇਸ਼ ਦਾ ਜੋਤਿ-ਜਲਵਨੀ ਦਰਸਾਰਾ ਜੋ ਪ੍ਰਾਪਤਿ ਹੋਇਆ, ਉਹ ਵਾਸਤਵੀ ਗੁਰੂ ਦੀਦਾਰਾ ਹੈ। ਐਸੇ ਗੁਰ ਜੋਤਿ ਜਲਵੰਨੀ ਦਿਬ ਗੁਰੂ ਜਾਤੇ ਨੂੰ ਪਰਸਨ ਸਾਰ ਹੀ ਗੁਰੂ ਦੇ ਜੋਤਿ ਜਲਵਨੀ ਪ੍ਰਤਿਬਿੰਬ ਵਿਚਿ ਪਰਤੱਖ ਵਾਹਿਗੁਰੂ ਦੇ ਦਰਸ਼ਨ ਹੋ ਗਏ। "ਸਾਧੂ ਪਰਸਤ ਹੀ ਪ੍ਰਭੂ ਪਾਇਆ" ਵਾਲਾ ਗਿਸਮ ਕਉਤਕ ਇਉਂ ਵਰਤਿਆ। ਇਉਂ ਗੁਰੂ ਸਾਧ ਅਤੇ ਗੁਰੂ ਘਰ ਦੇ ਸ਼ਾਂਤੀ ਪੁੰਜ ਗੁਰੂ ਸਰੂਪ ਗੁਰਮੁਖ ਜਨਾ ਪੰਚ ਜਨਾ ਦੀ ਸਤਿਸੰਗ ਵਿਚਿ ਵਾਸਾ ਹੋ ਜਾਣ ਕਰਿ ਹਿਰਦੇ ਅੰਦਰ ਹੀ ਅਨੰਦ ਸਰੂਪੀ ਸੁਖ ਸਹਜ ਸਾਂਤ ਚਾ ਡਲ੍ਹ ਡਲ੍ਹ ਕਰਦਾ ਸਮੁੰਦਰ 'ਸਾਂਤ ਮੁਰਾਰੀ' ਆਇ ਮਿਲਿਆ। ਵੁਹ ਜੋਤ ਸਾਂਤ ਰਸ ਭਰਪੁਰ ਲੀਣਾ ਸਰੁ ਸਾਗਰੁ ਸਰਬ ਘਟਾਂ ਹਿਰਦਿਆਂ ਅੰਦਰਿ ਵਿਆਪਕ ਹੈ ਅਤੇ ਦਿਨ ਰਾਤ ਗੁਪਤਿ ਹੀ ਵਰਤਦਾ ਹੈ। ਪ੍ਰੰਤੂ ਮਨਮੁਖ ਮੁਘਧ ਗਵਾਰ ਲੋਕਾਂ ਆਨਮਤ ਕਰਮਾਚਾਰੀਆਂ ਨੂੰ ਕਰਤੇ ਪੁਰਖ ਦੇ ਇਸ ਬਿਧਿ ਘਟ ਅੰਤਰਿ ਗੁਪਤ ਵਰਤਣ ਵਾਲੀ ਭਾਉ ਭਾਵਨੀ ਹੀ ਨਹੀਂ ਉਪਜਦੀ, ਪਰਤੀਤ ਹੀ ਨਹੀਂ ਬਝਦੀ। ਇਸ ਭੇਦ ਨੂੰ ਬੁਝ ਹੀ ਨਹੀਂ ਸਕਦੇ। ਸੱਚੇ ਸਤਿਗੁਰੂ ਪੁਰਖ ਦੇ ਜੋ ਜਨ ਮਨੋਂ ਤਨੋਂ ਸੱਚੇ ਸੇਵਕ ਸਚਿਆਰ ਸਿਖ ਬਣ ਗਏ ਓਹਨਾਂ ਦਾ ਨਿਗਰਾਪਣ ਦੂਰ ਹੋ ਗਿਆ। ਓਹਨਾਂ ਦਾ ਮੂਰਖ-ਮਤੀ ਅਗਿਆਨ-ਅੰਧੇਰਾ ਮਿਟ ਗਿਆ। ਓਹਨਾ ਦੀ ਸੱਚੀ ਅਕੀਦਤ ਪ੍ਰਚੰਡ ਦਰਸ਼ਨਾਂ ਦੀ ਪ੍ਰੱਖਿਤਾ ਸੇਤੀ ਪਰਪੱਕ ਗੱਠ ਬੱਝਵੀਂ ਹੋ ਗਈ। ਪ੍ਰਭੂ ਪ੍ਰਕਾਸ਼ ਦਾ ਹਿਰਦ। ਵਿਗਾਸ ਹੋ ਗਿਆ, ਜੋਤਿ ਚਾਨਣਾ ਹੀ ਚਾਨਣਾ ਹੋ ਗਿਆ। ਵਿਛੋੜੇ ਦਾ ਪੰਧ ਮਿਟ ਗਿਆ। ਉਹ ਫੇਰ ਇਸੇ ਪਰਤੱਖ ਦਰਸ਼ਨਾਂ ਦੇ ਸਰੂਰ ਵਿਚ ਹਰਿ-ਜਸ ਕੀਤਰਨ ਗੁਣ ਗਾਉਣ ਲਗ ਪੈਂਦੇ ਹਨ। ਇਹ ਪਰਤੱਖ ਪੇਖ ਦਰਸ਼ਨ ਵਿਚਿ ਰਸ-ਗੀਧੇ ਹੋਏ ਜੋ ਜਨ ਕੀਰਤਨ ਕਰਦੇ ਹਨ ਓਹਨਾਂ ਦੀ ਗਹਿਣਗਤਿ ਕਹੀ ਕਥੀ ਨਹੀਂ ਜਾ ਸਕਦੀ। ਅਜਿਹੇ ਹਿਰਦੇ-ਵਿਗਾਸੀ, ਰਿਦ ਜੋਤਿ ਪ੍ਰਗਾਸੀ ਗੁਰਮੁਖਿ ਜਨਾਂ ਦੀ ਰਸ-ਜੋਤਿ ਪ੍ਰਕਾਸ਼ਨੀ ਸ਼ਾਂਤ ਇਕ ਅਲੌਕਿਕ ਸ਼ਾਂਤ ਹੈ, ਜਿਸ ਦੀ ਤੁਲਤਾ ਕਿਸੇ ਭੀ ਗਿਣੀ ਮਿਣੀ ਤ੍ਰੈਗੁਣੀ ਸ਼ਾਤੀ ਨੂੰ ਨਹੀਂ ਦਿਤੀ ਜਾ ਸਕਦੀ। ਤਿਨ੍ਹਾਂ ਸ਼ਾਂਤ ਰਿਦ ਪ੍ਰਕਾਸ਼ਨੀ ਗੁਰਮੁਖ ਜਨਾਂ ਦੀ ਬੁਧੀ ਕਬੁੱਧੀ ਪਲਟ ਕੇ ਸਿਧਿ ਗਤੀ ਵਾਲੀ ਸੁਬੁੱਧੀ ਹੋ ਗਈ। ਤਿਨ੍ਹਾਂ ਦੀ ਦੁਰਮਤਿ ਬੁਧਿ ਸਾਰੀ ਹੀ ਨਿਵਾਰੀ ਗਈ। ਗੁਰਮਤਿ ਜੋਤਿ-ਚਾਨਣੇ ਵਾਲੀ ਸਬੁੱਧੀ ਦਾ ਹੀ ਵਿਗਸਾਉ ਜ਼ਹੂਰ ਪਜ਼ੀਰ ਹੋ ਗਿਆ। ਇਸ ਬਿਧਿ ਪਰਮਾਤਮ ਜੋਤੀਸ਼ ਵਾਹਿਗੁਰੂ ਪਾਰਬ੍ਰਹਮ ਦਾ ਅੰਤਰ-ਆਤਮੇ ਹੀ ਪਰੱਤਖ ਪ੍ਰਗਟਾਰਾ ਹੋਣ ਕਰਿ ਇਕ ਅਦੁਤੀ ਅਨੰਦ ਦਾ ਹੁਲਾਰਾ ਸਦ-ਸਦਵਨੀ ਹੁਲਾਰਤਾ ਵਿਚਿ ਅੰਦਰਿ ਵਸਿ ਗਿਆ। ਐਸਾ ਗੁਰੂ ਕਰਤਾਰ ਗੁਰੂ ਨਾਨਕ ਦੇ ਦਰਬਾਰ ਦੀ ਸਤਿਸੰਗਤਿ ਦਾ ਜੋਤਿ ਪ੍ਰਭਾਵੀ ਪਰਤਾਪ ਹੈ। ਅਜਿਹੇ ਸਤਿਪੁਰਖ ਗੁਰਮੁਖ ਪਿਆਰੇ ਨੂੰ ਪੁਰਖਾਂ ਸਿਰਿ ਅਕਾਲ ਪੁਰਖ ਮਿਲਿਆ ਤਾ ਗੁਰੂ ਦੀ ਪ੍ਰਾਪਤੀ ਹੋਣ ਪਰ ਮਿਲਿਆ, ਐਵੇਂ ਨਹੀਂ। ਨਿਗੁਰਿਆਂ ਨੂੰ ਇਹ ਪ੍ਰਾਪਤੀ ਕਦੇ ਨਹੀਂ ਹੁੰਦੀ। ਗੁਰਮੁਖਾ

(ਬਾਕੀ ਪੰਨਾ ੩੨ ਤੇ ..)



www.AKJ.Org

ਸੂਰਾ ਵਾਸਤੇ ਚੰਦੇ ਤੇ ਹੋਰ ਰਕਮਾਂ ਹੇਠ ਲਿਖੀਆਂ ਥਾਵਾਂ ਤੇ ਜਮ੍ਹਾਂ ਕਰਵਾ ਕੇ ਰਸੀਦ ਲਓ ਜੀ।

1. ਲੁਧਿਆਣਾ: (ੳ) ਮੁੱਖ ਦਫ਼ਤਰ ਸੂਰਾ, ਕੋਠੀ ਨੰ: 12 ਬਲਾਕ ਆਈ, ਭਾਈ ਰਣਧੀਰ ਸਿੰਘ ਨਗਰ।
(ਅ) ਸਬ-ਆਫਿਸ ਸੂਰਾ ਗੁ: ਸ੍ਰੀ ਗੁਰੂ ਸਿੰਘ ਸਭਾ, ਮਾਡਲ ਟਾਊਨ, ਲੁਧਿਆਣਾ। ਫੋਨ 428194
(ੲ) ਭਾਈ ਭੁਪਿੰਦਰ ਪਾਲ ਸਿੰਘ ਜੀ, ਪ੍ਰੀਤ ਸਿਲੈਕਸ਼ਨ, ਸ਼ਾਹਪੁਰ ਰੋਡ, ਨੇੜੇ ਸੁਭਾਨੀ ਬਿਲਡਿੰਗ, ਲੁਧਿਆਣਾ, ਫੋਨ 730604
(ਸ) ਸ: ਇਕਬਾਲ ਸਿੰਘ ਜੀ ਖਾਲਸਾ ਸਾਲਜ਼ ਮੋਚਪੁਰਾ ਬਜ਼ਾਰ, ਲੁਧਿਆਣਾ।
(ਹ) ਸ: ਅਜੀਤ ਸਿੰਘ 17/5 ਪਾਵਰ ਕਲੋਨੀ ਸਰਾਭਾ ਨਗਰ ਟੈਲੀਫੋਨ 458644, 459701

2. ਫਗਵਾੜਾ: ਮਾਸਟਰ ਗੁਰਦਿਆਲ ਸਿੰਘ ਜੀ, ਵਿਸ਼ਵਕਰਮਾ ਕਲੋਨੀ, ਨੇੜੇ ਵਿਸ਼ਵਕਰਮਾ ਮੰਦਰ, ਬੰਗਾ ਰੋਡ, ਫਗਵਾੜਾ। ਟੈਲੀਫੋਨ 68307

3. ਚੰਡੀਗੜ੍ਹ, ਮੋਹਾਲੀ: ਭਾਈ ਫੌਜਿੰਦਰ ਸਿੰਘ ਜੀ 532/3-ਏ, ਮੋਹਾਲੀ। ਟੈਲੀਫੋਨ : 260569

4. ਕਪੂਰਥਲਾ: ਭਾਈ ਚਰਨਪਾਲ ਸਿੰਘ, ਸਿੰਘ ਆਰਟਸ, ਨੇੜੇ ਸਟੇਟ ਗੁਰਦੁਆਰਾ ਸਾਹਿਬ।

5. ਖਰੜ, ਮੋਰਿੰਡਾ: ਭਾਈ ਅਜੀਤ ਸਿੰਘ ਜੀ, ਮਕਾਨ ਨੰ: 214, ਵਾਰਡ ਨੰ: 4, ਚੰਡੀਗੜ੍ਹ ਰੋਡ, ਮੁੰਡੀ ਖਰੜ। ਟੈਲੀ: 01888-46036

6 ਪਟਿਆਲਾ: 1. ਸੰਦੀਪ ਪਾਲ ਸਿੰਘ S/o ਸ: ਰਵੇਲ ਸਿੰਘ 654/3 ਖਾਲਸਾ ਮੁਹੱਲਾ ਧਰਮਪੁਰਾ ਬਜ਼ਾਰ ਪਟਿਆਲਾ ਟੈਲੀ. 228703
2 ਸੁਲੱਖਣ ਸਿੰਘ ਖਾਲਸਾ ਨਿਸ਼ਾਨ ਸਟੋਰ ਦੁਕਾਨ ਨੰ: 14/15 ਗੁ: ਦੂਖ ਨਿਵਾਰਨ ਬਜ਼ਾਰ ਪਟਿਆਲਾ ਟੈਲੀ. 361415

7. ਅੰਮ੍ਰਿਤਸਰ: 1. ਭਾਈ ਸਤਨਾਮ* ਸਿੰਘ ਜੀ, ਪਿੰਡ ਚਾਚੋਵਾਲੀ, ਡਾਕਖਾਨਾ ਜੈਂਤੀਪੁਰਾ।
2. ਭਾਈ ਭੁਪਿੰਦਰ ਸਿੰਘ ਜੀ ਖਾਲਸਾ, 4969 ਅਜ਼ਾਦ ਨਗਰ, ਨੇੜੇ ਟਿਊਬਵੈਲ, ਤਾਰਾ ਸਿੰਘ ਕੋਟ ਖਾਲਸਾ, ਅੰਮ੍ਰਿਤਸਰ।

8. ਜਲੰਧਰ: ਸ: ਹਰਜੀਤ ਸਿੰਘ ਬੈਂਕ ਆਫ਼ ਇੰਡੀਆ ਸਤਲੁਜ ਮਾਰਕੀਟ ਨੇੜੇ ਬਸ ਸਟੈਂਡ ਜਲੰਧਰ ਸਹਿਰ ਫੋਨ 462065

9. ਯਮੁਨਾਨਗਰ: ਭਾਈ ਇਕਬਾਲ ਸਿੰਘ ਜੀ, 536-ਲੋਹਾਰਾ ਗਲੀ, ਜਗਾਧਰੀ। ਫੋਨ 47341

10. ਫਿਰੋਜ਼ਪੁਰ: ਭਾਈ ਬਲਵਿੰਦਰ ਸਿੰਘ, ਹਾਤਾ ਨੰ: 48, ਬਜ਼ਾਰ ਨੰ: 1, ਫਿਰੋਜ਼ਪੁਰ ਛਾਉਣੀ।

11. ਪਠਾਨਕੋਟ: ਸ: ਹਰਭਜਨ ਸਿੰਘ M.E.S. ਪਠਾਨਕੋਟ।

12 ਅੰਬਾਲਾ: 1. ਭਾਈ ਮਨੋਹਰ ਸਿੰਘ ਜੀ ਪਿੰਡ ਤੇ ਡਾਕਖਾਨਾ ਨਸਰਾਲੀ ਵਾਇਆ ਜਤਵਾੜ ਅੰਬਾਲਾ ਸ਼ਹਿਰ।
2 ਭਾਈ ਭਗਵਾਨ ਸਿੰਘ ਵੈਦ 10 ਵੀਟਾ ਐਨਕਲੇਵ ਨੇੜੇ ਮਿਲਕ ਪਲਾਂਟ ਬਲਦੇਵ ਨਗਰ ਅੰਬਾਲਾ ਸ਼ਹਿਰ

13. ਬਠਿੰਡਾ: ਭਾਈ ਬਘੇਲ ਸਿੰਘ (ਗੋਬਿੰਦ ਸਿੰਘ) ਜੀ 7819, ਨੇੜੇ ਡੰਗਰਾਂ ਦਾ ਹਸਪਤਾਲ । ਫੋਨ : 217743

14. ਧੂਰੀ: ਮਾਸਟਰ ਹਰਭਜਨ ਸਿੰਘ ਜੀ, ਜਨਤਾ ਨਗਰ, ਨੇੜੇ ਵੀਨਸ ਗੈਸ ਏਜੰਸੀ, ਧੂਰੀ। ਫੋਨ 21253

15. ਸਰਹੰਦ: ਸ: ਰੁਪਿੰਦਰ ਸਿੰਘ ਜੀ, ਨੇੜੇ ਭਾਰਤ ਪੈਟਰੋਲੀਅਮ ਗੈਸ ਗੋਦਾਮ, ਸਿਨੇਮਾ ਰੋਡ, ਸਰਹੰਦ, ਜ਼ਿਲਾ ਫਤਹਿਗੜ੍ਹ ਸਾਹਿਬ, ਟੈਲੀਫੋਨ 01763-20760

16. ਪਾਉਂਟਾ ਸਾਹਿਬ: ਭਾਈ ਪਰਮਜੀਤ ਸਿੰਘ ਜੀ, ਗੁਰੂ ਰਾਖਾ ਇੰਟਰਪ੍ਰਾਈਜ਼ਿਜ਼, ਪਾਉਂਟਾ ਸਾਹਿਬ ਹਿਮਾਚਲ ਪ੍ਰਦੇਸ਼ Tel. Shop 01704-22367, Resi. 24067

17. ਬਟਾਲਾ 1. ਭਾਈ ਸੁਖਰਾਜ ਸਿੰਘ ਜੀ ਸਾਹਮਣੇ ਗੁਰੂ ਨਾਨਕ ਦੇਵ ਅਕੈਡਮੀ ਜਲੰਧਰ ਰੋਡ ਟੈਲੀ :46566
2 ਸ: ਹਰਭਜਨ ਸਿੰਘ, ਖਾਲਸਾ ਲਾਇਬਰੇਰੀ ਬਟਾਲਾ।

18. ਦਿੱਲੀ 1. ਗੁਰਪ੍ਰੀਤ ਸਿੰਘ 670 ਡਾਕਟਰ ਮੁਖਰਜੀ ਨਗਰ ਦਿੱਲੀ ਟੈਲੀ: 7654833
2 ਸ: ਨਰਿੰਦਰ ਜੀ ਸਿੰਘ (ਗਾਮਾ) H. No.58-C IInd floor St. No. 11 New Mahavir Nagar P.O. Tilak Nagar-New Delhi 110018 PH. Resi - 5155191 Office- 590097-5449276

19. ਇੰਗਲੈਂਡ: ਭਾਈ ਹਰਦੀਪ ਸਿੰਘ ਜੀ, 218, Wexhan Road, Slough Berks SL2 5JP. Tel: 01753-530624

20 ਅਮਰੀਕਾ: ਭਾਈ ਜੀਵਨ ਸਿੰਘ ਜੀ, ਗੁਰਦੀਪ ਸਿੰਘ ਜੀ ਫੋਨ : 18007226212

21. ਕੈਨੇਡਾ: ਭਾਈ ਰਿਪੁਦਮਨ ਸਿੰਘ ਮਲਿਕ, ਫੋਨ : 18006630224

22 ਆਸਟ੍ਰੇਲੀਆ: ਭਾਈ ਪਰਸ਼ੋਤਮ ਸਿੰਘ ਜੀ, ਫੋਨ : 0061-69634841

23. ਨਿਊਜ਼ੀਲੈਂਡ: ਭਾਈ ਮਹਿੰਦਰ ਸਿੰਘ ਜੀ, ਫੋਨ : 092702755



www.AKJ.Org

# ਕੀਰਤਨ ਸਰਗਰਮੀਆਂ

ਜਲੰਧਰ : ਗੁਰੂ ਸਵਾਰੇ ਡਾਕਟਰ ਪ੍ਰੀਤਮ ਸਿੰਘ ਜੀ ਦੀ ਯਾਦ ਵਿਚ ਤਿਨ੍ਹਾਂ ਦੇ ਗ੍ਰਹਿ ਵਿਖੇ 11 ਜੂਨ ਸ਼ਨੀਵਾਰ ਨੂੰ ਸ੍ਰੀ ਅਖੰਡ ਪਾਠ ਸਾਹਿਬ ਦੇ ਭੋਗ ਪਾਏ ਗਏ। ੧੨ ਜੂਨ ਨੂੰ ਸਮੂਹ ਅਖੰਡ ਕੀਰਤਨੀ ਜੱਥਿਆਂ ਵੱਲੋਂ ਸੈਂਟਰਲ ਟਾਊਨ ਦੇ ਗੁਰਦੁਆਰਾ ਦੀਵਾਨ ਅਸਥਾਨ ਵਿਖੇ ਸਵੇਰੇ 6 ਵਜੇ ਤੋਂ ਦੁਪਹਿਰ ਇਕ ਵਜੇ ਤੱਕ ਕੀਰਤਨ ਸਮਾਗਮ ਰਚਾਏ ਗਏ। ਜਲੰਧਰ ਦੇ ਕੀਰਤਨੀਆਂ ਤੋਂ ਇਲਾਵਾ ਲੁਧਿਆਣਾ, ਮੁਹਾਲੀ, ਅੰਬਾਲਾ ਅਤੇ ਹੋਰ ਕਈ ਥਾਵਾਂ ਤੇ ਕੀਰਤਨੀ ਜੱਥਿਆਂ ਅਤੇ ਸੰਗਤਾਂ ਨੇ ਸਮਾਗਮ ਦੀਆਂ ਹਾਜ਼ਰੀਆਂ ਭਰੀਆਂ। ਡਾਕਟਰ ਸਾਹਿਬ ਜੀ ਦੀ ਯਾਦ ਵਿਚ ਹੀ ਭਾਈ ਮਨਮੋਹਨ ਸਿੰਘ ਜੀ ਦੇ ਨਵੇਂ ਗ੍ਰਹਿ ਜੁਝਾਰ ਬੁੰਗਾ ਵਿਖੇ ੨4 ਜੂਨ ਰਾਤ ਨੂੰ ਰੈਣਿ ਸਬਾਈ ਕੀਰਤਨ ਅਖਾੜੇ ਸਜਾਏ ਗਏ। ਇਸ ਅਸਥਾਨ ਤੇ ਵੀ ਗੁਰੂ ਦੇ ਕੀਰਤਨੀਏ ਅਤੇ ਹੋਰ ਸੰਗਤਾਂ ਨੇ ਗੁਰਬਾਣੀ ਕੀਰਤਨ ਦੀਆਂ ਛਹਿਬਰਾਂ ਲਾ ਕੇ ਡਾਕਟਰ ਸਾਹਿਬ ਨੂੰ ਅਸੀਸਾਂ ਬਖਸ਼ੀਆਂ।

ਪਾਉਂਟਾ ਸਾਹਿਬ : ਪਿਛਲੇ ਸਾਲ ਵਾਂਗ ਇਸ ਸਾਲ ਵੀ ਅਖੰਡ ਕੀਰਤਨੀ ਜੱਥਾ ਲੁਧਿਆਣਾ ਵੱਲੋਂ ਸਮੂਹ ਅਖੰਡ ਕੀਰਤਨੀ ਜੱਥਿਆ ਦੇ ਸਹਿਯੋਗ ਨਾਲ ਪਾਉਂਟਾ ਸਾਹਿਬ ਵਿਖੇ ਕੀਰਤਨ ਸਮਾਗਮ ਰਚਾਉਣ ਦਾ ਪ੍ਰੋਗਰਾਮ ਉਲੀਕਿਆ ਗਿਆ। 15 ਤਰੀਕ ਨੂੰ ਅੰਮ੍ਰਿਤ ਵੇਲੇ ਕੀਰਤਨ ਉਪ੍ਰੰਤ ਭਾਈ ਪਰਮਜੀਤ ਸਿੰਘ ਜੀ ਦੇ ਗ੍ਰਹਿ ਵਿਖੇ ਸ੍ਰੀ ਅਖੰਡ ਪਾਠ ਸਾਹਿਬ ਆਰੰਭ ਹੋਏ। 16 ਤਰੀਕ ਤੋਂ 18 ਤਰੀਕ ਸਵੇਰ ਤੱਕ ਪਾਉਂਟਾ ਸਾਹਿਬ ਦਰਬਾਰ ਹਾਲ ਅਤੇ ਭੰਗਾਣੀ ਸਾਹਿਬ ਆਦਿ ਵੱਖ ਵੱਖ ਅਸਥਾਨਾਂ ਤੇ ਕੀਰਤਨ ਸਮਾਗਮਾਂ ਰੱਖੇ ਗਏ। ਗੁਰੂ ਪਾਤਸ਼ਾਹ ਦੀ ਅਪਾਰ ਮੇਹਰ ਸਦਕਾ ਸਾਰੇ ਸਮਾਗਮਾਂ ਵਿਚ ਅਲੌਕਿਕ ਰੰਗ ਬੱਝੇ। ਲੁਧਿਆਣਾ, ਬਟਾਲਾ, ਗੁਰਦਾਸਪੁਰ, ਤਰਨਤਾਰਨ, ਅੰਮ੍ਰਿਤਸਰ ਆਦਿ ਤੋਂ ਸੰਗਤਾਂ ਜੱਥਿਆਂ ਦੇ ਰੂਪ ਵਿਚ ਬੱਸਾਂ ਟਰੱਕ ਆਦਿ ਰਾਹੀਂ ਸਮਾਗਮ ਦੀਆਂ ਹਾਜ਼ਰੀਆਂ ਭਰਨ ਲਈ ਪਹੁੰਚੀਆਂ। ਇਸ ਤੋਂ ਇਲਾਵਾ ਦਿੱਲੀ, ਜੰਮੂ, ਜਗਾਧਰੀ, ਮੁਹਾਲੀ ਫਗਵਾੜਾ, ਪਟਿਆਲਾ ਅਤੇ ਹੋਰ ਕਈ ਸ਼ਹਿਰਾਂ ਤੋਂ ਸੰਗਤਾਂ ਨੇ ਆਪੋ ਆਪਣੇ ਸਾਧਨਾਂ ਰਾਹੀਂ ਪਹੁੰਚ ਕੇ ਸਮਾਗਮਾਂ ਦੀਆਂ ਰੌਣਕਾਂ ਨੂੰ ਵਧਾਇਆ। ਭੰਗਾਣੀ ਸਾਹਿਬ ਵਿਖੇ ੧੨ ਜੂਨ ਨੂੰ ਸਵੇਰੇ 8 ਵਜੇ ਤੋਂ 1 ਵਜੇ ਤੱਕ ਕੀਰਤਨ ਅਖਾੜੇ ਸਜਾਏ ਗਏ। ਸਮਾਗਮਾਂ ਵਾਸਤੇ ਉਚੇਚੇ ਤੌਰ ਤੇ ਪਹੁੰਚੀਆਂ ਹੋਈਆਂ ਸੰਗਤਾਂ ਦੀ ਗਿਣਤੀ ਨੂੰ ਵੇਖਦਿਆਂ ਭੰਗਾਣੀ ਸਾਹਿਬ ਦਾ ਆਲਾ ਦੁਆਲਾ ਤਾਂ ਸਿਖ ਸੰਗਤਾਂ ਦੀ ਛਾਉਣੀ ਹੀ ਲੱਗਦਾ ਸੀ। ਭੰਗਾਣੀ ਸਾਹਿਬ ਤੋਂ ਵਾਪਸੀ ਸਮੇਂ ਸੰਗਤਾਂ ਨੇ ਰਸਤੇ ਵਿਚ ਗੁਰਦੁਆਰਾ ਤੀਰ ਗੜ੍ਹੀ ਸਾਹਿਬ ਅਤੇ ਗੁ: ਸ਼ੇਰ ਗਾਹ ਦੇ ਦਰਸ਼ਨ ਵੀ ਕੀਤੇ। ਗੁ: ਸ਼ੇਰ ਗਾਹ ਵਿਖੇ ਹੀ ਜੰਮੂ ਤੋਂ ਪਹੁੰਚੇ ਹੋਏ ਕੀਰਤਨੀਆਂ ਨੂੰ ਗੁਰਬਾਣੀ ਕੀਰਤਨ ਦੀ ਹਾਜ਼ਰੀ ਲਗਵਾਈ। ਪਾਉਂਟਾ ਸਾਹਿਬ ਦਰਬਾਰ ਹਾਲ ਦੇ ਅੰਦਰ ਰੋਜ਼ਾਨਾ ਮਰਿਆਦਾ ਕਰਕੇ ਕੀਰਤਨ ਲਈ ਘੱਟ ਸਮਾਂ ਬਚਣ ਕਰਕੇ ਰੈਣਿ ਸਬਾਈ ਕੀਰਤਨ ਬਾਹਰ ਪੰਡਾਲ ਲਗਾ ਕੇ ਸਜਾਏ ਗਏ। ਜਿਸ ਵਿਚ ਸਾਰੀ ਰਾਤ ਵੱਖ ਵੱਖ ਸ਼ਹਿਰਾਂ ਦੇ ਕੀਰਤਨੀ ਜੱਥਿਆਂ ਨੇ ਗੁਰਬਾਣੀ ਕੀਰਤਨ ਦੇ ਰੰਗ ਬੰਨੇ। ਸਾਰੇ ਹੀ ਸਮਾਗਮਾਂ ਦੌਰਾਨ ਗੁ: ਪਾਉਂਟਾ ਸਾਹਿਬ ਦੇ ਮੈਨੇਜਰ, ਪ੍ਰਬੰਧਕ ਕਮੇਟੀ, ਗ੍ਰੰਥੀ ਸਾਹਿਬਾਨ ਅਤੇ ਰਿਹਾਇਸ਼, ਇੰਚਾਰਜ ਅਤੇ ਹੋਰ ਸੇਵਾਦਾਰਾਂ ਨੇ ਜੱਥੇ ਦੇ ਪ੍ਰਬੰਧਕਾਂ ਨੂੰ ਹਰ ਤਰ੍ਹਾਂ ਨਾਲ ਸਹਿਯੋਗ ਦੇ ਕੇ ਸਮਾਗਮਾਂ ਨੂੰ ਸਫਲ ਬਣਾਇਆ। ਸਾਰੇ ਹੀ ਸਮਾਗਮਾਂ ਵਿਚ ਗੁਰੂ ਪਾਤਸ਼ਾਹ ਦੀ ਵਰਤ ਰਹੀ ਜ਼ਾਹਰ ਕਲਾ ਨੂੰ ਮਹਿਸੂਸ ਕਰਕੇ ਮਨ ਗੁਰੂ ਪਾਤਸ਼ਾਹ ਤੋਂ ਵਾਰਨੇ ਬਲਿਹਾਰਨੇ ਜਾ ਰਿਹਾ ਸੀ। ਰੈਣਿ ਸਬਾਈ ਕੀਰਤਨ ਦੀ ਸਮਾਪਤੀ ਉਪ੍ਰੰਤ ਅਖੀਰਲਾ ਸਮਾਗਮ ਦਰਬਾਰ ਸਾਹਿਬ ਪਾਉਂਟਾ ਸਾਹਿਬ ਵਿਖੇ ਐਤਵਾਰ ਸਵੇਰੇ ਸ੍ਰੀ ਆਸਾ ਕੀ ਵਾਰ ਦੀ ਚੌਂਕੀ ਦਾ ਕੀਰਤਨ ਕਰਕੇ ਕੀਤਾ। ਉਸ ਤੋਂ ਬਾਅਦ ਸਮੂਹ ਸੰਗਤਾਂ ਨੇ ਗੁਰੂ ਪਾਤਸ਼ਾਹ ਦਾ ਸ਼ੁਕਰਾਨਾ ਕਰਕੇ ਵਾਪਸੀ ਲਈ ਚਾਲੇ ਪਾਏ। ਵਾਪਸੀ ਦੌਰਾਨ ਲੁਧਿਆਣੇ ਆਉਣ ਵਾਲੀਆਂ ਸੰਗਤਾਂ ਨੇ ਰਸਤੇ ਵਿਚ ਗੁ: ਪੰਜੋਖਰਾ ਸਾਹਿਬ ਵਿਖੇ ਅਖੰਡ ਕੀਰਤਨ ਦੀਆਂ ਹਾਜ਼ਰੀਆਂ ਲਵਾਈਆਂ। ਸਮੁੱਚੇ ਰੂਪ ਵਿਚ ਗੁਰੂ ਮਹਾਰਾਜ ਨੇ ਆਪ ਆਪਣੇ ਸਮਾਗਮ ਰਚ ਕੇ ਸਮੂਹ ਸੰਗਤਾਂ ਤੇ ਬਖਸ਼ਿਸ਼ ਕਰ ਇਹ ਗੁਰਧਾਮਾਂ ਦੀ ਯਾਤਰਾ ਅਤੇ ਕੀਰਤਨ ਦੇ ਲਾਹੇ ਬਖਸ਼ੇ ਹਨ। ਸਤਿਗੁਰੂ ਆਪ ਸਹਾਈ ਹੋ ਕੇ ਆਪਣੇ ਇਹਨਾਂ ਨਾਚੀਜ਼ ਬੱਚਿਆਂ ਦੇ ਵੱਡੇ ਭਾਗ ਬਣਾ ਕੇ ਇਸ ਤਰਾਂ ਦੇ ਲਾਹੇ ਬਖਸ਼ੀ ਰੱਖਣ। ਅਖੰਡ ਕੀਰਤਨੀ ਜੱਥਾ ਲੁਧਿਆਣਾ ਸਮੂਹ ਸ਼ਹਿਰਾਂ ਦੀਆਂ ਸੰਗਤਾਂ ਦਾ ਹਾਰਦਿਕ ਧੰਨਵਾਦੀ ਹੈ।


www.AKJ.Org

# ਆਉਣ ਵਾਲੇ ਕੀਰਤਨ ਸਮਾਗਮ

## ਭਾਈ ਸਾਹਿਬ ਭਾਈ ਰਣਧੀਰ ਸਿੰਘ ਜੀ ਦੇ ਜਨਮ ਦਿਵਸ ਤੇ ਸਾਲਾਨਾ ਕੇਂਦਰੀ ਸਮਾਗਮ

ਭਾਈ ਸਾਹਿਬ ਭਾਈ ਰਣਧੀਰ ਸਿੰਘ ਜੀ ਦੇ ੧੨੨ ਵੇਂ ਜਨਮ ਦਿਵਸ ਦੇ ਸਬੰਧ ਵਿਚ ਹੇਠ ਲਿਖੇ ਅਨੁਸਾਰ ਗੁ: ਸ੍ਰੀ ਗੁਰੂ ਸਿੰਘ ਸਭਾ ਮਾਡਲ ਟਾਊਨ ਲੁਧਿਆਣਾ ਵਿਖੇ ਅਖੰਡ ਕੀਰਤਨ ਸਮਾਗਮ ਰਚਾਏ ਜਾ ਰਹੇ ਹਨ। ਸਮੇਂ ਸਿਰ ਪਹੁੰਚ ਕੇ ਲਾਹੇ ਪ੍ਰਾਪਤ ਕਰੋ ਜੀ।

**6 ਜੁਲਾਈ 2000** ਵੀਰਵਾਰ ਸਵੇਰੇ 4 ਤੋਂ 7 ਕੀਰਤਨ ਸ੍ਰੀ ਆਸਾ ਕੀ ਵਾਰ ਉਪ੍ਰੰਤ ਆਰੰਭ ਸ੍ਰੀ ਅਖੰਡ ਪਾਠ ਸਾਹਿਬ। ਸ਼ਾਮ 7 ਤੋਂ ੯ ਸੋਦਰ ਉਪ੍ਰੰਤ ਕੀਰਤਨ।

**7 ਜੁਲਾਈ 2000** ਸ਼ੁਕਰਵਾਰ ਸਵੇਰੇ 5 ਤੋਂ ੯ ਅਖੰਡ ਕੀਰਤਨ। ਸ਼ਾਮ 7 ਤੋਂ ੯ ਸੋਦਰ ਅਤੇ ਕੀਰਤਨ ।

**8 ਜੁਲਾਈ 2000** ਸ਼ਨੀਵਾਰ ਸਵੇਰੇ 4 ਵਜੇ ਭੋਗ ਅਖੰਡ ਪਾਠ ਸਾਹਿਬ ਉਪ੍ਰੰਤ ਕੀਰਤਨ ੯ ਵਜੇ ਤੱਕ। ਸ਼ਾਮ ਸੋਦਰ ਉਪ੍ਰੰਤ ਆਰੰਭ ਰੈਣਿ ਸਬਾਈ ਕੀਰਤਨ।

**ਅੰਮ੍ਰਿਤ ਸੰਚਾਰ :-** 8 ਜੁਲਾਈ ਸ਼ਨੀਵਾਰ ਸ਼ਾਮ 8 ਵਜੇ ਗੁ: ਸਾਹਿਬ ਵਿਖੇ ਹੀ ਅੰਮ੍ਰਿਤ ਸੰਚਾਰ ਸਮਾਗਮ ਆਰੰਭ ਹੋਣਗੇ।

**ਰਿਹਾਇਸ਼ ਅਤੇ ਲੰਗਰ :-** ਬਾਹਰੋਂ ਆਉਣ ਵਾਲੀਆਂ ਸੰਗਤਾਂ ਦੀ ਰਿਹਾਇਸ਼ ਅਤੇ ਲੰਗਰ ਦਾ ਪ੍ਰਬੰਧ ਗੁ: ਸਾਹਿਬ ਵਿਖੇ ਹੀ ਹੋਵੇਗਾ।

ਦਾਸਰੇ :-

ਅਖੰਡ ਕੀਰਤਨੀ ਜੱਥਾ ਲੁਧਿਆਣਾ ਅਤੇ ਪ੍ਰਬੰਧਕ ਕਮੇਟੀ ਗੁ: ਸ੍ਰੀ ਗੁਰੂ ਸਿੰਘ ਸਭਾ ਮਾਡਲ ਟਾਊਨ ਲੁਧਿਆਣਾ।

## ਪਿੰਡ ਚਚਰਾੜੀ (ਨੇੜੇ ਜਗਰਾਉਂ) ਲੁਧਿਆਣਾ ਵਿਖੇ ਮਾਸਿਕ ਰੈਣਿ ਸਬਾਈ ਕੀਰਤਨ

ਮਿਤੀ 15 ਜੁਲਾਈ ਸ਼ਨੀਵਾਰ ਰਾਤ ਨੂੰ ਕੀਰਤਨ ਅਖਾੜੇ ਸਜਣਗੇ। ਆਇ ਦੀਦਾਰ ਬਖਸ਼ੋ ਜੀ।

## ਗੁ: ਬਿਬੇਕਸਰ ਸਾਹਿਬ ਅੰਮ੍ਰਿਤਸਰ ਵਿਖੇ ਰੈਣਿ ਸਬਾਈ ਕੀਰਤਨ

ਹਰ ਮਹੀਨੇ ਦੀ ਤਰਾਂ ੨੯ ਜੁਲਾਈ 2000 ਸ਼ਾਮ ਨੂੰ ਰੈਣਿ ਸਬਾਈ ਕੀਰਤਨ ਅਖਾੜੇ ਸਜਣਗੇ।

## ਗੁ: ਮੰਜੀ ਸਾਹਿਬ ਅੰਬਾਲਾ ਵਿਖੇ ਸਾਲਾਨਾ ਅਖੰਡ ਕੀਰਤਨ ਸਮਾਗਮ

ਸਮੂਹ ਸ਼ਹੀਦਾਂ ਦੀ ਯਾਦ ਵਿਚ ਗੁ: ਮੰਜੀ ਸਾਹਿਬ ਵਿਖੇ 5 ਅਗਸਤ ਸਵੇਰੇ ਸ੍ਰੀ ਅਖੰਡ ਪਾਠ ਸਾਹਿਬ ਦੇ ਭੋਗ ਉਪ੍ਰੰਤ ਦੁਪਹਿਰ ਤੱਕ ਕੀਰਤਨ ਅਖਾੜੇ ਸਜਣਗੇ। ਸ਼ਾਮ ਨੂੰ ਸੋਦਰ ਉਪ੍ਰੰਤ ਰੈਣਿ ਸਬਾਈ ਕੀਰਤਨ ਅਰੰਭ ਹੋਣਗੇ। ਆਇ ਦੀਦਾਰ ਬਖਸ਼ੋ

## ਕੈਲੇਫੋਰਨੀਆਂ ਯੂ. ਐਸ. ਏ. ਵਿਖੇ ਸਾਲਾਨਾ ਅਖੰਡ ਕੀਰਤਨ ਸਮਾਗਮ

੨8 ਜੁਲਾਈ ਸ਼ੁਕਰਵਾਰ ਸਵੇਰੇ 6 ਤੋਂ 10 ਵਜੇ ਤੱਕ ਆਸਾ ਦੀ ਵਾਰ ਅਤੇ ਅਖੰਡ ਕੀਰਤਨ GURDWARA SAHIB FREMONT 300 GORDWARA ROAD FREMONT CA, 94536 TEL (510) 791-9923

੨8 ਜੁਲਾਈ ਸ਼ੁਕਰਵਾਰ ਸ਼ਾਮ 6 ਤੋਂ ੯ ਵਜੇ ਤੱਕ ਰਹਿਰਾਸ ਸਾਹਿਬ ਅਤੇ ਅਖੰਡ ਕੀਰਤਨ GURDWARA SAHIB FREMONT 300 GORDWARA ROAD FREMONT CA, 94536 TEL (510) 791-9923

੨੯ ਜੁਲਾਈ ਸਨਿਚਰਵਾਰ ਸਵੇਰੇ 6 ਤੋਂ 10 ਵਜੇ ਤੱਕ ਆਸਾ ਦੀ ਵਾਰ ਅਤੇ ਅਖੰਡ ਕੀਰਤਨ GURDWARA SAHIB EL SOBRANTE 3550 HILLCREST AVE; EL SOBRANTE CA TEL (925) 223-9987

੨੯ ਜੁਲਾਈ ਸਨਿਚਰਵਾਰ ਸ਼ਾਮ 4 ਵਜੇ ਅੰਮ੍ਰਿਤ ਸੰਚਾਰ ਅਤੇ ਸ਼ਾਮ ਦੇ 7 ਵਜੇ ਤੋਂ ਲੈ ਕੇ ਸਵੇਰੇ 6 ਵਜੇ ਤੱਕ ਰੈਣਿ ਸਬਾਈ ਕੀਰਤਨ GURDWARA SAHIB EL SOBRANTE 3550 HILLCREST AVE; EL SOBRANTE CA TEL (925) 223-9987

FOR MORE INFORMATION

BHAI RAJINDER SINGH (510) 429-8225 DR. PRABHJOT SINGH (510) 886-5755

# ਸ਼੍ਰੀ ਪਾਉਂਟਾ ਸਾਹਿਬ ਵਿਖੇ ਹੋਏ ਕੇਂਦਰੀ ਅਖੰਡ ਕੀਰਤਨ ਸਮਾਗਮਾਂ ਦੀਆਂ ਝਲਕੀਆਂ



ਸ਼੍ਰੀ ਦਰਬਾਰ ਸਾਹਿਬ ਪਾਉਂਟਾ ਸਾਹਿਬ ਵਿਖੇ ਹਜੂਰੀ ਕੀਰਤਨ




ਗੁ: ਸ੍ਰੀ ਭੰਗਾਣੀ ਸਾਹਿਬ ਵਿਖੇ ਪਹੁੰਚੀਆਂ ਸੰਗਤਾਂ



ਰੈਣਿ ਸਬਾਈ ਕੀਰਤਨ ਸਮੇਂ ਵੱਖ-ਵੱਖ ਸ਼ਹਿਰਾਂ ਤੋਂ ਪਹੁੰਚੇ ਹੋਏ ਕੀਰਤਨੀਏ ਹਾਜ਼ਰੀਆਂ ਭਰਦੇ ਹੋਏ।

www.AKJ.Org

R.N.I. No. 12245/66 SURA JULY 2000 P.O. Regd. No. PB/ 0195/2000



ਭਾਈ ਰਣਧੀਰ ਸਿੰਘ ਜੀ



ਗੁ: ਸ੍ਰੀ ਗੁਰੂ ਸਿੰਘ ਸਭਾ, ਮਾਡਲ ਟਾਊਨ, ਲੁਧਿਆਣਾ

(ਖੱਬੇ ਗੁਰੂ ਸਵਾਰੇ ਖਾਲਸਾ ਪੰਥ ਦੀ ਸੋਨ ਚਿੜੀ ਮਹਾ ਤਪੱਸਵੀ ਰੰਗਲੇ ਸੱਜਣ ਭਾ: ਸਾ: ਭਾਈ ਰਣਧੀਰ ਸਿੰਘ ਜੀ।
(ਸੱਜੇ) ਗੁ: ਸ੍ਰੀ ਗੁਰੂ ਸਿੰਘ ਸਭਾ ਮਾਡਲ ਟਾਊਨ, ਲੁਧਿਆਣਾ। ਇਸ ਅਸਥਾਨ ਦੀ ਨੀਂਹ ਭਾਈ ਸਾਹਿਬ ਭਾਈ ਰਣਧੀਰ ਸਿੰਘ ਜੀ ਨੇ ਪੰਜ ਪਿਆਰਿਆਂ ਸਮੇਤ ਰੱਖੀ। ਇਸ ਅਸਥਾਨ ਤੇ ਸਮੂਹ ਅਖੰਡ ਕੀਰਤਨੀ ਜੱਥਿਆਂ ਵੱਲੋਂ ਭਾਈ ਸਾਹਿਬ ਦੇ ਜਨਮ ਦਿਵਸ ਸਬੰਧੀ ਮਿਤੀ 6 ਤੋਂ 9 ਜੁਲਾਈ ਤੱਕ ਸਾਲਾਨਾ ਕੇਂਦਰੀ ਕੀਰਤਨ ਸਮਾਗਮ ਰਚਾਏ ਜਾ ਰਹੇ ਹਨ।


www.AKJ.Org